Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਜੂਨ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਮੀਰੀ-ਪੀਰੀ ਦਿਵਸ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

**ਸੰਪਾਦਕੀ ...**

# ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ



ਮੀਰੀ-ਪੀਰੀ ਦਿਵਸ ਸੰਗਤਾਂ ਬੜੇ ਉਤਸ਼ਾਹ ਅਤੇ ਗੌਰਵਮਈ ਢੰਗ ਨਾਲ ਮਨਾ ਰਹੀਆਂ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖੋਂ ਹੋਇਆ। ਗੁਰੂ ਪਿਤਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਅਤੇ ਸਮੇਂ ਦੀ ਮੰਗ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜੋ ਉਸ ਸਮੇਂ ਗੁਰਗੱਦੀ ਦੀ ਸੇਵਾ ਨਿਭਾਅ ਰਹੇ ਸਨ, ਨੇ ਧਰਮ ਦੇ ਨਾਲ-ਨਾਲ ਸਵੈ ਰੱਖਿਆ ਅਤੇ ਮਜਲੂਮਾਂ ਉਤੇ ਹੋ ਰਹੇ ਜ਼ੁਲਮ ਨੂੰ ਨੱਥ ਪਾਉਣ ਲਈ ਸ਼ਾਸ਼ਤਰ ਅਤੇ ਸ਼ਸ਼ਤਰ ਧਾਰਨ ਕੀਤੇ ਅਤੇ ਵੈਰੀਆਂ ਨਾਲ ਮੁਕਾਬਲਾ ਜਿੱਤ ਕੇ ਚੜ੍ਹਦੀ ਕਲਾ ਨਾਲ ਮੀਰੀ-ਪੀਰੀ ਦੀ ਸ਼ੁਰੂਆਤ ਕੀਤੀ। ਆਪ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਸਥਾਪਤ ਕੀਤੇ। ਧਰਮ ਅਤੇ ਰਾਜਨੀਤਕ ਦ੍ਰਿੜ੍ਹਤਾ ਲਈ ਸ਼ਸ਼ਤਰਧਾਰੀ ਹੋ ਕੇ ਜਥੇਬੰਦਕ ਹੋਣਾ ਕੀਤਾ। ਧਰਮ ਲਈ ਨਿਸ਼ਾਨ ਸਾਹਿਬ 101 ਫੁੱਟ ਅਤੇ ਸ਼ਸ਼ਤਰ-ਰਾਜਨੀਤਕ ਨਿਸ਼ਾਨ ਸਾਹਿਬ 100 ਫੁੱਟ ਉੱਚੇ ਸਥਾਪਤ ਕੀਤੇ ਤਾਂ ਜੋ ਧਰਮੀ ਰਹਿ ਕੇ ਗੁਰੂ ਆਸ਼ੇ ਅਨੁਸਾਰ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਇਹ ਸਿਲਸਿਲਾ ਧਾਰਮਿਕ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਚੱਲਿਆ ਜੋ ਕਿ ਇਕ ਦੁਨੀਆਂ ਵਿਚ ਵਿਲੱਖਣ ਇਤਿਹਾਸ ਬਣਿਆ ਹੈ ਅਤੇ ਸਿੱਖੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਲੋਂ ਸ਼ੁਰੂ ਕੀਤੀ ਗਈ ਸੀ ਉਹ ਫੈਸਲਾਕੁੰਨ ਹੋ ਨਿਬੜੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗ ਲੜੇ। ਇਨ੍ਹਾਂ ਜੰਗਾਂ ਦੌਰਾਨ ਆਪ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਉਜਾਗਰ ਕੀਤਾ। ਇਨ੍ਹਾਂ ਚਹੁੰ ਜੰਗਾਂ ਦੇ ਫ਼ੌਰੀ ਕਾਰਨ ਬੇਸ਼ੱਕ ਨਿੱਕੇ-ਨਿੱਕੇ ਸਨ। ਹਕੂਮਤ ਦੇ ਨਸ਼ੇ ਵਿਚ ਅਤੇ ਧਾਰਮਿਕ ਕੱਟੜਤਾ ਦੇ ਪ੍ਰਭਾਵ ਹੇਠ ਮੁਗਲ ਹੁਕਮਰਾਨ ਗੁਰੂ-ਘਰ ਪ੍ਰਤੀ ਵਧ ਰਹੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਪਿਆਰ ਤੋਂ ਦੁਖੀ ਸਨ। ਬਰਾਬਰੀ, ਏਕਤਾ ਦੇ ਪ੍ਰਚਾਰ ਅਤੇ ਜਾਤ-ਪਾਤ ਦੇ ਖੰਡਨ ਨੂੰ ਨਾ ਤਾਂ ਕਾਜ਼ੀ ਪਸੰਦ ਕਰਦੇ ਸਨ ਅਤੇ ਨਾ ਹੀ ਹਿੰਦੂ ਧਰਮ ਵਿਚਲੀ ਉੱਚੀ ਸ਼੍ਰੇਣੀ ਇਸ ਗੱਲ ਨੂੰ ਚਾਹੁੰਦੀ ਸੀ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਨਾਨਕ ਸਾਹਿਬ ਜੀ ਬਾਬਰ ਦੀ ਜੇਲ੍ਹ ਵਿਚ ਗਏ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਇਸੇ ਵਿਰੋਧ ਦਾ ਹੀ ਸਿੱਟਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਅਦ ਵਿਚ ਛੋਟੇ-ਛੋਟੇ ਕਾਰਨਾਂ ਦੇ ਬਹਾਨੇ ਬਣਾ ਕੇ ਗੁਰੂ ਜੀ ਨੂੰ ਚਾਰ ਜੰਗ ਲੜਨ ਲਈ ਮਜ਼ਬੂਰ ਕੀਤਾ ਗਿਆ।

ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਜੰਗਾਂ ਦੌਰਾਨ ਗੁਰੂ ਜੀ ਧਾਰਮਿਕ ਤੌਰ 'ਤੇ ਸਾਰੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਵਾਲਾ ਵਿਹਾਰ ਕਰਦੇ ਰਹੇ। ਆਪ ਜੰਗਾਂ ਲੜਦੇ ਹੋਏ ਵੀ ਆਪਣੇ ਗੁਰਗੱਦੀ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਆਪ ਜੀ ਦੀ ਸੰਤਤਾਈ ਤੋਂ ਮੁਹਸਨ ਫ਼ਾਨੀ, ਸਾਈਂ ਮੀਆਂ ਮੀਰ, ਨੂਰ ਜਹਾਂ ਅਤੇ ਹੋਰ ਸੂਫ਼ੀ ਫ਼ਕੀਰ ਪੂਰੀ ਤਰ੍ਹਾਂ ਪ੍ਰਭਾਵਿਤ ਸਨ। ਜਿਹੜਾ ਇਕ ਵਾਰ ਆਪ ਜੀ ਦੀ ਸੰਗਤ ਵਿਚ ਆ ਜਾਂਦਾ ਸੀ, ਉਹ ਆਪ ਜੀ ਦਾ ਹੀ ਹੋ ਕੇ ਰਹਿ ਜਾਂਦਾ ਸੀ। ਗੁਰੂ ਜੀ ਦੇ ਯੋਧੇ ਸਿਪਾਹੀ ਲੜਦੇ ਹੋਏ ਇਹ ਸਮਝਦੇ ਸਨ ਕਿ ਉਹ ਸੱਚ ਅਤੇ ਧਰਮ ਦੀ ਖ਼ਾਤਰ ਲੜ ਰਹੇ ਹਨ। ਉਹ ਤਨਖਾਹ ਜਾਂ ਜ਼ਮੀਨ ਦੇ ਲਾਲਚ ਵਾਸਤੇ ਨਹੀਂ ਲੜਦੇ ਸਨ।

ਸਿੱਟੇ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਿਲੇ ਹੋਏ ਲਕਸ਼ਾਂ ਨੂੰ ਲੜੇ ਗਏ ਜੰਗਾਂ ਦੌਰਾਨ ਸੱਚ ਕਰ ਵਿਖਾਇਆ। ਆਪ ਸੱਚਮੁੱਚ ਹੀ ਅਮਲੀ ਅਰਥਾਂ ਵਿਚ ਮੀਰੀ-ਪੀਰੀ ਦੇ ਮਾਲਕ, ਵਡ-ਯੋਧੇ, ਦਲਿ-ਭੰਜਨ, ਪਰਉਪਕਾਰੀ, ਗੁਰੂ-ਸੂਰਮੇ, ਸੱਚੇ ਪਾਤਸ਼ਾਹ, ਦੀਨ-ਦੁਨੀ ਦੇ ਪਾਤਸ਼ਾਹ ਅਤੇ ਬੰਦੀ-ਛੋਡ ਦਾਤਾਰ ਸਨ। ਆਪ ਜੀ ਵੱਲੋਂ ਲੜੀਆਂ ਗਈਆਂ ਜੰਗਾਂ ਦੇ ਵੇਰਵੇ ਪੜ੍ਹਦਿਆਂ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਸਾਡੀਆਂ ਅੱਖਾਂ ਸਾਹਮਣੇ ਅਮਲੀ ਰੂਪ ਵਿਚ ਸਾਕਾਰ ਹੁੰਦੀ ਹੈ। ਆਪ ਜੀ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਗੁਰਮਤਿ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਤੋਂ ਵੀ ਵੱਧ ਕੇ ਜ਼ਰੂਰੀ ਹੈ ਇਹ ਮੰਨ ਕੇ ਚੱਲਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਹੀ ਸਨ। ਕੇਵਲ ਇਸ ਢੰਗ ਨਾਲ ਹੀ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਜੰਗਾਂ ਵਿਚ ਚੱਲਦੀ ਤਲਵਾਰ ਦਾ ਪ੍ਰੇਮ-ਮਈ ਅਨੰਦ ਮਾਣ ਸਕਦੇ ਹਾਂ।

ਸੋ ਸਭ ਨੂੰ ਅਜੋਕੇ ਸਮੇਂ ਵਿਚ ਆਪਣਾ ਧਰਮ, ਰਾਜ ਅਤੇ ਦੇਸ਼ ਪੱਖੀ ਫਰਜ਼ ਨਿਭਾਉਣੇ ਚਾਹੀਦੇ ਹਨ ਅਤੇ ਸਮਾਜਿਕ ਨਾ-ਬਰਾਬਰੀ, ਰੋਜ਼ਗਾਰ, ਗਰੀਬੀ, ਕਿਰਸਾਨੀ ਨੂੰ ਲਾਹੇਵੰਦ ਅਤੇ ਗਰੀਬਾਂ ਦੀ ਹਾਲਤ ਸੁਧਾਰਨ ਲਈ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਵਿਹਲੇ ਰਹਿ ਰਹੇ ਲੋਕ ਨਸੇੜੀ ਨਾ ਬਣਨ, ਖੇਤੀ ਕਰਨ ਵਾਲੇ ਆਰਥਿਕ ਤੰਗੀ ਕਾਰਨ ਜਹਾਲਤ ਵਿਚੋਂ ਬਾਹਰ ਨਿਕਲਣ ਅਤੇ ਖੁਦਕਸ਼ੀਆਂ ਕਰਨ ਲਈ ਮਜਬੂਰ ਨਾ ਹੋਣ। ਮਜ਼ਦੂਰ ਵਰਗ ਨੂੰ ਵੀ ਕੰਮਾਂ ਤੇ ਲਾ ਕੇ ਦੇਸ਼ ਲਈ ਉਪਯੋਗੀ ਅਤੇ ਆਤਮ ਨਿਰਭਰ ਬਣਾਇਆ ਜਾਵੇ ਤਾਂ ਹੀ ਧਰਤੀ ਸਵਰਗ ਹੋਵੇਗੀ।

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963




**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥**
**ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥**

ਜੇਠ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 11-06-2025 (ਬੁੱਧਵਾਰ)**
**ਸੰਗਰਾਂਦ - 15-06-2025 (ਐਤਵਾਰ)**
**ਮੱਸਿਆ - 25-06-2025 (ਬੁੱਧਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 144 | ਜੂਨ - 2025



| | | |
|---|---|---|
| 1. | ਭਗਤ ਕਬੀਰ ਜੀ | 4 |
| 2. | ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯੁੱਧ-ਨੀਤੀ | 5 |
| 3. | ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ ਜੀ | 7 |
| 4. | ਸੋ ਕਮਾਵੇ ਧੁਰਿ ਲਿਖਿਆ ਹੋਇ॥ | 9 |
| 5. | ਮਹਾਨ ਯੋਧਾ ਮਹਾਰਾਜਾ ਰਣਜੀਤ ਸਿੰਘ | 11 |
| 6. | ਜਦੋਂ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ | 14 |
| 7. | ਸਚੁ ਸੁਣਾਇਸੀ ਸੱਚ ਕੀ ਬੇਲਾ | 17 |
| 8. | ਮਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 20 |
| 9. | ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ.......... | 22 |
| 10. | ਆਪ੍ਰੇਸ਼ਨ ਸੰਧੂਰ ਤੋਂ ਬਾਅਦ ਕਿੱਥੇ ਖੜ੍ਹਾ ਹੈ ਦੇਸ਼? | 26 |
| 11. | ਜੀਵਨ ਵਿਕਾਸ - ਇਕ ਸੰਘਰਸ਼ | 29 |
| 12. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 30 |
| 13. | ਗੁਰ ਸਾਗਰ ਦੇ ਸੁੱਚੇ ਮੋਤੀ | 32 |
| 14. | ਵਰਖਾ ਰੁੱਤ | 33 |
| 15. | ਨਾਟਕ ਹੀ ਨਾਟਕ | 34 |
| 16. | ਸਿਹਤ ਸੰਭਾਲ | 35 |
| 17. | ਕਾਵਿ-ਕਿਆਰੀ | 36 |
| 18. | ਲੋਕ ਤੱਥ | 37 |
| 19. | खेलों की आवश्यकता और महत्त्व | 38 |
| 20. | Matrimonial | 39 |
| 21. | ਦਾਨੀ ਸੱਜਣਾਂ ਦੀ ਸੂਚੀ | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

11 ਜੂਨ ਭਗਤ ਕਬੀਰ ਜੀ ਜਯੰਤੀ 'ਤੇ ਵਿਸ਼ੇਸ਼

# ਭਗਤ ਕਬੀਰ ਜੀ



ਗੁਰੂ ਅਰਜਨ ਦੇਵ ਜੀ ਨੇ ਭਗਤ ਕਬੀਰ ਜੀ ਨੂੰ ਭਗਤਾਂ ਦੀ ਸੂਚੀ ਵਿਚ ਪਹਿਲੀ ਥਾਂ ਦਿੱਤੀ ਹੈ ਅਤੇ ਆਪਣੀ ਬਾਣੀ ਵਿਚ 'ਕਬੀਰ ਧਿਆਇਓ ਏਕ ਰੰਗ'। ਕਹਿ ਕੇ ਸਤਿਕਾਰਿਆ ਹੈ।

'ਸ੍ਰੀ ਗੁਰ ਪੁਰ ਪ੍ਰਕਾਸ਼' ਤੇ ਕਥਨ ਅਨੁਸਾਰ ਜਦ ਗੁਰੂ ਨਾਨਕ ਦੇਵ ਤੇ ਕਬੀਰ ਜੀ ਦੀ ਕਾਸ਼ੀ ਵਿਖੇ 'ਆਪਸ ਮਹਿੰ ਬਹੁ ਆਤਮ ਗਯਾਨ' ਦੀਆਂ ਗੱਲਾਂ ਹੋਈਆਂ ਤਾਂ ਕਬੀਰ ਜੀ ਨੇ 'ਦਰਸ ਪਾਇ ਹਮ ਹੋਏ ਨਿਹਾਲ' ਦੇ ਸ਼ਬਦ ਕਹੇ ਤਾਂ

**'ਕਹਿ ਸ੍ਰੀ ਸਤਿਗੁਰ ਭਗਤ ਕਬੀਰ।**
**ਪ੍ਰੇਮ ਭਗਤ ਮਹਿੰ ਤੁਮ ਗੰਭੀਰ।**
**ਸੰਤਨ ਕੋ ਆਵਨ ਸੰਸਾਰਾ।**
**ਦੇਨ ਭਗਤ ਨਰ ਪਰ ਉਪਕਾਰਾ।'**

ਭਾਈ ਗੁਰਦਾਸ ਜੀ ਨੇ ਵੀ ਗਵਾਹੀ ਦਿੱਤੀ ਹੈ ਕਿ ਜਦ ਕਬੀਰ ਜੀ ਪੂਰਨ ਵਿਸਮਾਦ ਵਿਚ ਚਲੇ ਗਏ ਤਾਂ ਆਤਮਾ ਤੋਂ ਐਸਾ ਅੰਮ੍ਰਿਤ ਜਾ ਝਰਨਾ ਚਲ ਪਿਆ ਕਿ ਉਨ੍ਹਾਂ ਵਿਚ ਤੇ ਵਾਹਿਗੁਰੂ ਵਿਚ ਰਤਾ ਭਰ ਭੇਦ ਨ ਰਹਿਆ ਤੇ ਫਿਰ ਜੋ ਵੀ ਉਹ ਮੁਖੋਂ ਬੋਲਦੇ, ਉਚਾਰਦੇ, ਉਸ ਦੇ ਸੁਣਨ ਨਾਲ ਹੀ ਅਣਘੜੇ ਜੀਵਾਂ ਦੇ ਜੀਵਨ ਘੜੇ ਜਾਂਦੇ।

**ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।**
**ਝਰਮਾ ਝਰਦਾ ਨਿਝਰਹੁੰ, ਗੁਰਮੁਖਿ ਬਾਣੀ ਅਘੜ ਘੜਾਈ।**
**ਰਾਮੁ ਕਬੀਰੈ ਭੇਦੁ ਨ ਭਾਈ।**

ਕਬੀਰ ਕਸੌਟੀ ਰਚਿਤ ਲਹਿਣਾ ਸਿੰਘ (ਪਿੰਜੋਰ) ਦੇ ਲਿਖੇ ਅਨੁਸਾਰ ਕਬੀਰ ਜੀ ਦਾ ਜਨਮ ਬਨਾਰਸ ਵਿਖੇ ਸੰਨ 1398 ਵਿਚ ਹੋਇਆ। ਆਪ ਜੀ ਦੇ ਜਨਮ ਸਬੰਧੀ ਬੇਸ਼ੱਕ ਕੋਈ ਸਪੱਸ਼ਟ ਸੰਕੇਤ ਨਹੀਂ ਮਿਲਦਾ ਪਰ ਆਪ ਦੀ ਪਰਵਰਿਸ਼ ਨੀਰੂ ਨਾਂ ਦੇ ਇਕ ਕਿਰਤੀ ਮੁਸਲਮਾਨ ਜੁਲਾਹਾ ਅਤੇ ਉਸਦੀ ਪਤਨੀ ਨੀਮਾ ਰਾਹੀਂ ਹੋਈ। ਇਨ੍ਹਾਂ ਦਾ ਪਾਲਣ ਪੋਸਨ ਕਿਉਂਕਿ ਮੁਸਲਮਾਨ ਜੁਲਾਹੇ ਦੇ ਘਰ ਹੋਇਆ ਸੀ ਜੋ ਪਾਲਤ ਮਾਪੇ ਦੀ ਇੱਛਾ ਸੀ ਕਿ ਕਬੀਰ ਇਸਲਾਮੀ ਕਰਮ ਹੀ ਕਰੇ ਪਰ ਮਾਪੇ ਕੀ ਜਾਨਣ ਕਿ ਕਬੀਰ ਜੀ ਤਾਂ ਉਸ ਘਾਟ ਪੁਜ ਗਏ ਸਨ ਜਿਥੇ ਅਲਹੁ-ਰਾਮ ਦਾ ਅੰਤਰ ਨਹੀਂ ਰਹਿੰਦਾ। ਜਦ ਇਕ ਵਾਰੀ ਉਨ੍ਹਾਂ 'ਕਬੀਰ ਪੂੰਗਰਾ ਅਲਹ-ਰਾਮ ਕਾ' ਕਹਿਆ ਤਾਂ ਕੁਝ ਕਟੜ ਮੁਸਲਮਾਨਾਂ ਨੇ ਕਾਫਰ ਗਰਦਾਨਿਆ। ਆਪ ਜੀ ਨੇ ਸਮਝਾਇਆ ਭਲੇ ਲੋਕੋ ਕਾਫਰ ਤਾਂ ਉਹ ਹੁੰਦਾ ਹੈ ਜੋ ਅਲਾਹ ਦੀ ਹੋਂਦ ਤੋਂ ਮੁਨਕਰ ਹੋਵੇ, ਕਿਸੇ ਦਾ ਦਿਲ ਦੁਖਾਵੇ, ਸਾਧੂ ਦਾ ਭੇਖ ਧਾਰ ਲੋਕਾਂ ਨੂੰ ਲੁਟੇ, ਕਿਰਤ ਛੱਡ ਪਰਦਰਭ ਹਿਰੈ, ਆਤਮਘਾਤੀ ਹੋਵੇ, ਬਾਟ ਮਾਰ ਹੋਵੇ ਤੇ ਜੀਆ ਘਾਤ ਕਰੇ।' ਇਹ ਹੀ ਕਬੀਰ ਜੀ ਦੀ ਬਾਣੀ ਦੇ ਮੁਢਲੇ ਸਿਧਾਂਤ ਹਨ।


ਭਗਵਾਨ ਸਿੰਘ
ਲੁਬਾਣਾ
ਪ੍ਰਧਾਨ ਬਮਸਲ ਫਾਉਂਡੇਸ਼ਨ
ਚੰਡੀਗੜ੍ਹ
98155-40240




**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭ ਜੁਗ ਉਪਜਿਆ ਕਉਨ ਭਲੇ ਕੋ ਮੰਦੇ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349**

ਭਗਤ ਕਬੀਰ ਜੀ 1518 ਈ. ਵਿਚ ਅਕਾਲ ਚਲਾਣਾ ਕਰ ਗਏ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਠਾਰਾਂ ਰਾਗਾਂ ਵਿਚ 297 ਸ਼ਬਦ ਤੇ ਅਸਟਪਦੀਆਂ ਅਤੇ 243 ਸਲੋਕ ਦਰਜ ਹਨ।

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ॥**

# ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯੁੱਧ-ਨੀਤੀ

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਚਾਰ ਜੰਗ ਲੜੇ। ਇਨ੍ਹਾਂ ਜੰਗਾਂ ਦੌਰਾਨ ਆਪ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਉਜਾਗਰ ਕੀਤਾ। ਇਨ੍ਹਾਂ ਚਹੁੰ ਜੰਗਾਂ ਦੇ ਫ਼ੌਰੀ ਕਾਰਨ ਬੇਸ਼ੱਕ ਨਿੱਕੇ-ਨਿੱਕੇ ਸਨ। ਬਰਾਬਰੀ, ਏਕਤਾ ਦੇ ਪ੍ਰਚਾਰ ਅਤੇ ਜਾਤ-ਪਾਤ ਦੇ ਖੰਡਨ ਨੂੰ ਨਾ ਤਾਂ ਕਾਜ਼ੀ ਪਸੰਦ ਕਰਦੇ ਸਨ ਅਤੇ ਨਾ ਹੀ ਹਿੰਦੂ ਧਰਮ ਵਿਚਲੀ ਉੱਚੀ ਸ਼੍ਰੇਣੀ ਇਸ ਗੱਲ ਨੂੰ ਚਾਹੁੰਦੀ ਸੀ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਨਾਨਕ ਸਾਹਿਬ ਜੀ ਬਾਬਰ ਦੀ ਜੇਲ੍ਹ ਵਿਚ ਗਏ। ਇਸ ਵਿਰੋਧ ਦੇ ਸਿੱਟੇ ਵਜੋਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਇਸੇ ਵਿਰੋਧ ਦਾ ਹੀ ਸਿੱਟਾ ਸੀ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ। ਬਾਅਦ ਵਿਚ ਛੋਟੇ-ਛੋਟੇ ਕਾਰਨਾਂ ਦੇ ਬਹਾਨੇ ਬਣਾ ਕੇ ਗੁਰੂ ਜੀ ਨੂੰ ਚਾਰ ਜੰਗ ਲੜਨ ਲਈ ਮਜ਼ਬੂਰ ਕੀਤਾ ਗਿਆ।




ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯੁੱਧ-ਨੀਤੀ ਵਿਚ ਧਾਰਮਿਕ ਕੱਟੜਤਾ ਲੇਸ-ਮਾਤਰ ਵੀ ਨਹੀਂ ਸੀ। ਗੁਰੂ ਜੀ ਦੀ ਸ਼ਖ਼ਸੀਅਤ ਧਾਰਮਿਕ ਤੌਰ 'ਤੇ ਇੰਨੀ ਅਸਰ-ਭਰੀ ਸੀ ਕਿ ਗਵਾਲੀਅਰ ਦੇ ਕਿਲ੍ਹੇ ਵਿਚੋਂ ਸਮੇਂ ਤੋਂ ਪਹਿਲਾਂ ਰਿਹਾਅ ਕਰਾਉਣ ਲਈ ਮੀਆਂ ਮੀਰ ਜੀ, ਮਹਾਬਤ ਖਾਨ, ਵਜ਼ੀਰ ਖਾਨ, ਖਵਾਜਾ ਨਿਜ਼ਾਮੁਦੀਨ ਔਲੀਆ ਅਤੇ ਬੇਗਮ ਨੂਰ ਜਹਾਨ ਵੱਲੋਂ ਜਹਾਂਗੀਰ ਬਾਦਸ਼ਾਹ 'ਤੇ ਪੂਰਾ ਜ਼ੋਰ ਪਾਇਆ ਗਿਆ। ਗੁਰੂ ਜੀ ਨੂੰ ਬਾਰ੍ਹਾਂ ਸਾਲ ਕੈਦ ਰੱਖਣ ਦੀ ਬਜਾਏ ਡੇਢ ਸਾਲ ਬਾਅਦ ਹੀ ਰਿਹਾਅ ਕਰ ਦਿੱਤਾ ਗਿਆ। ਇਥੋਂ ਤੱਕ ਕਿ ਪੈਂਦੇ ਖਾਂ ਜਿਸ ਨੇ ਗੁਰੂ ਜੀ ਵਿਰੁੱਧ ਇਕ ਜੰਗ ਦੀ ਅਗਵਾਈ ਕੀਤੀ, ਪਹਿਲਾਂ ਗੁਰੂ ਜੀ ਦਾ ਮੁਰੀਦ ਸੀ। ਅੰਤਕਾਲ ਵੀ ਉਸ ਨੇ ਗੁਰੂ ਜੀ ਨੂੰ ਇਹੀ ਆਖਿਆ, "ਤੁਹਾਡੀ ਤਲਵਾਰ ਅਤੇ ਤੁਹਾਡਾ ਦੀਦਾਰ ਹੀ ਮੇਰੇ ਵਾਸਤੇ ਕਲਮਾਂ ਹਨ।" ਗੁਰੂ ਜੀ ਦੀ ਫ਼ੌਜ ਵਿਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਨ। ਪੈਂਦੇ ਖਾਂ ਨੂੰ ਅੰਤ ਸਮੇਂ ਢਾਲ ਦੀ ਛਾਂ ਕਰਕੇ ਕਲਮਾ ਪੜ੍ਹਨ ਲਈ ਕਹਿਣਾ ਵੀ ਇਹ ਸਾਬਤ ਕਰਦਾ ਹੈ ਕਿ ਗੁਰੂ ਜੀ ਧਾਰਮਿਕ-ਸਹਿਨਸ਼ੀਲਤਾ ਦੇ ਪੁੰਜ ਸਨ।

ਗੁਰੂ ਸਾਹਿਬ ਦੀ ਯੁੱਧ-ਨੀਤੀ ਦਾ ਦੂਜਾ ਪਹਿਲੂ ਇਹ ਸੀ ਇਸ ਵਿਚ ਧੋਖੇ ਜਾਂ ਜ਼ੁਲਮ ਨੂੰ ਕੋਈ ਥਾਂ ਨਹੀਂ ਸੀ। ਧੋਖੇ ਨਾਲ ਹਮਲਾ ਨਹੀਂ ਕੀਤਾ ਜਾਂਦਾ ਸੀ। ਗੁਰੂ ਜੀ ਖੁਦ ਵੰਗਾਰ ਕੇ ਯੁੱਧ ਲੜਦੇ ਸਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਉਹ ਸੱਚਮੁੱਚ ਹੀ 'ਵਡ-ਯੋਧੇ' ਸਨ। ਪਹਿਲੀ ਜੰਗ ਸਮੇਂ ਗੁਰੂ ਜੀ ਨੇ ਮੁਖ਼ਲਿਸ ਖ਼ਾਨ ਨੂੰ ਪਹਿਲਾਂ ਵਾਰ ਕਰਨ ਲਈ ਕਿਹਾ। ਉਸ ਦੇ ਵਾਰ ਕਰਨ ਤੋਂ ਬਾਅਦ ਹੀ ਆਪ ਵਾਰ ਕੀਤਾ ਅਤੇ ਉਸ ਨੂੰ ਖਤਮ ਕੀਤਾ। ਇਸੇ ਤਰ੍ਹਾਂ ਪੈਂਦੇ ਖ਼ਾਂ ਨਾਲ ਹੋਏ ਜੰਗ ਵਿਚ ਪੈਂਦੇ ਖ਼ਾਂ ਨੂੰ ਪਹਿਲਾਂ ਵਾਰ ਕਰਨ ਲਈ ਆਖਿਆ। ਉਸ ਦੇ ਅਸਫਲ ਰਹਿਣ 'ਤੇ ਗੁਰੂ ਜੀ ਨੇ ਹੱਸਦੇ ਹੋਏ ਕਿਹਾ, "ਪੈਂਦੇ ਖ਼ਾਂ, ਤੈਨੂੰ ਇੰਨੀ ਸ਼ਸਤਰ-ਵਿਦਿਆ ਸਿਖਾਈ ਪਰ ਤੂੰ ਇਕ ਵੀ ਹੁਨਰ ਨਹੀਂ ਵਿਖਾ ਸਕਿਆ।" ਫਿਰ ਜਿਵੇਂ ਕੋਈ ਉਸਤਾਦ ਸ਼ਗਿਰਦ ਨੂੰ ਵਾਰ ਕਰਨਾ ਸਿਖਾਉਂਦਾ ਹੈ, ਉਸ ਤਰ੍ਹਾਂ 'ਇੰਞ ਨਹੀਂ, ਇੰਞ' ਕਹਿ ਕੇ ਆਪ ਵਾਰ ਕੀਤਾ। ਭਾਈ ਬਿਧੀ ਚੰਦ ਨੂੰ ਗੁਰੂ ਜੀ ਨੇ ਜੰਗ ਦੀ ਸਿੱਖਿਆ ਦਿੰਦਿਆਂ ਆਖਿਆ ਸੀ ਕਿ ਬੀਮਾਰਾਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਨਿਹੱਥੇ ਵੈਰੀਆਂ, ਪਨਾਹ ਵਿਚ ਆਇਆਂ ਅਤੇ ਅਣਭੋਲ ਸੁੱਤਿਆਂ 'ਤੇ ਬਿਲਕੁਲ ਵਾਰ ਨਹੀਂ ਕਰਨਾ। ਇਸ ਸਿੱਖਿਆ ਤੋਂ ਇਹ ਪਤਾ ਚੱਲਦਾ ਹੈ ਕਿ ਗੁਰੂ ਜੀ ਸਿੱਧੀ ਅਤੇ ਸਪੱਸ਼ਟ ਜੰਗ-ਨੀਤੀ ਦੇ ਹੱਕ ਵਿਚ ਸਨ। ਜੇ ਲੜਨਾ ਹੀ ਪਵੇ ਤਾਂ ਬਹਾਦਰਾਂ ਵਾਲੀ ਲੜਾਈ ਲੜਨਾ ਆਪ ਜੀ ਦਾ ਸੰਦੇਸ਼ ਸੀ।

ਤੀਜਾ ਵਿਸ਼ੇਸ਼ ਪਹਿਲੂ ਗੁਰੂ ਜੀ ਦੀ ਯੁੱਧ-ਨੀਤੀ ਦਾ ਇਹ ਸੀ ਕਿ ਇਹ ਕਿਸੇ ਬਦਲੇ ਦੀ ਭਾਵਨਾ ਅਧੀਨ ਲੜੀਆਂ ਗਈਆਂ ਜੰਗਾਂ ਨਹੀਂ ਸਨ। ਮੈਕਾਲਿਫ਼ ਦੇ ਅਨੁਸਾਰ ਇਹ ਜੰਗਾਂ ਕੇਵਲ ਅਤੇ ਕੇਵਲ ਸਵੈ-ਰੱਖਿਆ ਲਈ ਲੜੀਆਂ ਗਈਆਂ ਜੰਗਾਂ ਸਨ। ਬਾਜ਼ ਅਤੇ ਘੋੜਿਆਂ ਵਰਗੇ ਬਹਾਨੇ ਬਣਾ ਕੇ ਇਹ ਜੰਗਾਂ ਗੁਰੂ ਜੀ 'ਤੇ ਠੋਸੀਆਂ ਗਈਆਂ ਸਨ। ਕਿਤੇ ਵੀ ਮਿੱਥ ਕੇ ਪਹਿਲਾਂ ਹਮਲਾ ਕਰਨ ਦਾ ਕਈ ਸੰਕੇਤ ਨਹੀਂ ਮਿਲਦਾ। ਗੁਰੂ ਜੀ ਦਾ ਮੁੱਖ ਮੰਤਵ ਤਾਂ ਗੁਰਸਿੱਖੀ ਦਾ ਪ੍ਰਚਾਰ ਕਰਨਾ ਅਤੇ ਮਨੁੱਖਤਾ ਦਾ ਕਲਿਆਣ ਕਰਨਾ ਸੀ। ਉਹ ਪਰਉਪਕਾਰੀ ਸਨ। ਕਸ਼ਮੀਰ ਵਿਚ ਗਿਲ੍ਹਟੀ ਬੁਖ਼ਾਰ ਦੇ ਜ਼ੋਰ ਸਮੇਂ ਗੁਰੂ ਜੀ ਨੇ ਰੋਗੀਆਂ ਅਤੇ ਗਰੀਬਾਂ ਦੀ ਰੱਜ ਕੇ ਮਦਦ ਕੀਤੀ। ਇਸੇ ਪਰਉਪਕਾਰ ਨੂੰ ਦੇਖ ਕੇ ਹੀ ਮੁੱਲਾਂ ਮੁਹਸਨ ਫ਼ਾਨੀ ਨੇ ਗੁਰੂ ਜੀ ਨਾਲ ਨੇੜਤਾ ਦੀ ਸਾਂਝ ਪਾਈ ਸੀ ਅਤੇ ਬਾਅਦ ਵਿਚ ਪੰਜਾਬ ਆ ਕੇ ਵੀ ਉਹ ਗੁਰੂ ਜੀ ਪਾਸ ਠਹਿਰਿਆ ਸੀ।

ਚੌਥੀ ਗੱਲ ਜੋ ਗੁਰੂ ਜੀ ਦੀਆਂ ਕੀਤੀਆਂ ਗਈਆਂ ਜੰਗਾਂ ਵਿਚ ਸਾਨੂੰ ਨਜ਼ਰ ਆਉਂਦੀ ਹੈ, ਉਹ ਇਹ ਹੈ ਕਿ ਜੰਗਾਂ ਜਿੱਤ ਕੇ

**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**



ਇਕ ਇੰਚ ਜ਼ਮੀਨ ਵੀ ਆਪਣੇ ਕਬਜ਼ੇ ਵਿਚ ਨਹੀਂ ਕੀਤੀ ਗਈ। ਦਿਲਾਂ ਨੂੰ ਜਿੱਤਣ ਵਾਲੇ ਸੱਚੇ ਪਾਤਸ਼ਾਹ ਸਤਿਗੁਰੂ ਨੂੰ ਜ਼ਮੀਨ ਜਿੱਤਣ ਦੀ ਲੋੜ ਵੀ ਨਹੀਂ ਸੀ।ਆਪ ਜੀ ਦੇ ਜੀਵਨ ਦਾ ਮੰਤਵ ਤਾਂ ਕਿਤੇ ਉਚੇਰਾ ਸੀ। ਧਨ ਜਾਂ ਜ਼ਮੀਨ ’ਤੇ ਕਬਜ਼ਾ ਤਾਂ ਦੁਨਿਆਵੀ ਬਾਦਸ਼ਾਹਾਂ ਦੀ ਲਾਲਸਾ ਹੁੰਦੀ ਹੈ।ਗੁਰੂ ਜੀ ਬੇਸ਼ੱਕ ਦਲਿ-ਭੰਜਨ ਸਨ, ਵਡ-ਯੋਧੇ ਅਤੇ ਸੂਰਮੇ ਸਨ ਪਰ ਉਹ ਨਾਲ ਦੀ ਨਾਲ ਸਤਿਗੁਰੂ, ਪਰਉਪਕਾਰੀ ਅਤੇ ਬੰਦੀ-ਛੋੜ ਦਾਤਾਰ ਵੀ ਸਨ। ਉਹ ਕਸ਼ਮੀਰ ਦੀ ਇਕ ਬਜ਼ੁਰਗ ਅਤੇ ਗਰੀਬ ਔਰਤ ਵੱਲੋਂ ਪਿਆਰ ਨਾਲ ਬੁਣਿਆ ਖੱਦਰ ਦਾ ਕਮੀਜ਼ ਆਪ ਜਾ ਕੇ ਸਵੀਕਾਰ ਕਰਨ ਵਾਲੇ ਪਿਆਰ-ਮੱਤੇ ਮਹਾਂਪੁਰਸ਼ ਵੀ ਸਨ। ਗਰੀਬਾਂ, ਦੁਖੀਆਂ, ਲੋੜਵੰਦਾਂ ਅਤੇ ਲਿਤਾੜੇ ਹੋਏ ਲੋਕਾਂ ਦੇ ਹਮਦਰਦ ਸਤਿਗੁਰੂ ਦੁਨਿਆਵੀ ਬਾਦਸ਼ਾਹਾਂ ਤੋਂ ਕਿਤੇ ਉਚੇਰੇ ਸਨ।



ਪੰਜਵਾਂ ਬੁਨਿਆਦੀ ਗੁਣ ਜੋ ਗੁਰਮਤਿ ਦਾ ਮੂਲ-ਆਧਾਰ ਹੈ ਤੇ ਗੁਰੂ ਜੀ ਵੱਲੋਂ ਲੜੀਆਂ ਗਈਆਂ ਜੰਗਾਂ ਦੌਰਾਨ ਜ਼ਾਹਰਾ ਪ੍ਰਗਟ ਹੁੰਦਾ ਹੈ ਉਹ ਇਹ ਹੈ ਕਿ ਅਕਾਲ ਪੁਰਖ ਦੀ ਯਾਦ ਅਤੇ ਗੁਰਬਾਣੀ ਦਾ ਪ੍ਰਵਾਹ ਜੰਗਾਂ ਦੌਰਾਨ ਵੀ ਉਸੇ ਤਰ੍ਹਾਂ ਜਾਰੀ ਰਿਹਾ ਜਿਵੇਂ ਅਮਨ ਦੇ ਸਮੇਂ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰੂ ਨਾਨਕ ਸਾਹਿਬ ਜੀ ਦੀ ਹੀ ਜੋਤ ਸਨ।ਇਹ ਗੁਰਬਾਣੀ ਦਾ ਹੀ ਪ੍ਰਭਾਵ ਸੀ ਕਿ ਜੰਗਾਂ ਦੌਰਾਨ ਗੁਰੂ ਜੀ ਧਾਰਮਿਕ ਤੌਰ ’ਤੇ ਸਾਰੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਵਾਲਾ ਵਿਹਾਰ ਕਰਦੇ ਰਹੇ। ਆਪ ਜੰਗਾਂ ਲੜਦੇ ਹੋਏ ਵੀ ਆਪਣੇ ਗੁਰਗੱਦੀ ਪ੍ਰਤੀ ਫਰਜ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ।

ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਿਲੇ ਹੋਏ ਲਕਬਾਂ ਨੂੰ ਲੜੇ ਗਏ ਜੰਗਾਂ ਦੌਰਾਨ ਸੱਚ ਕਰ ਵਿਖਾਇਆ। ਆਪ ਸੱਚਮੁੱਚ ਹੀ ਅਮਲੀ ਅਰਥਾਂ ਵਿਚ ਮੀਰੀ-ਪੀਰੀ ਦੇ ਮਾਲਕ, ਵਡ-ਯੋਧੇ, ਦਲਿ-ਭੰਜਨ, ਪਰਉਪਕਾਰੀ, ਗੁਰੂ-ਸੂਰਮੇ, ਸੱਚੇ ਪਾਤਸ਼ਾਹ, ਦੀਨ-ਦੁਨੀ ਦੇ ਪਾਤਸ਼ਾਹ ਅਤੇ ਬੰਦੀ-ਛੋੜ ਦਾਤਾਰ ਸਨ। ਆਪ ਜੀ ਦੀ ਸ਼ਖ਼ਸੀਅਤ ਨੂੰ ਸਮਝਣ ਲਈ ਗੁਰਮਤਿ ਦੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ ਅਤੇ ਇਸ ਤੋਂ ਵੀ ਵੱਧ ਕੇ ਜ਼ਰੂਰੀ ਹੈ ਇਹ ਮੰਨ ਕੇ ਚੱਲਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਹੀ ਸਨ।

● ● ●

## ਮਹਾਨਤਾ ਕਦੇ ਨਾ ਡਿੱਗਣ ਵਿਚ ਨਹੀਂ ਸਗੋਂ ਮਹਾਨਤਾ ਡਿੱਗ ਕੇ ਹਰ ਵਾਰ ਉੱਠਣ ਵਿਚ ਹੈ।

● ● ●

### ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ।ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ।ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

### 12 ਜੂਨ ਅਵਤਾਰ ਪੁਰਬ ’ਤੇ ਵਿਸ਼ੇਸ਼

# ਮੀਰੀ-ਪੀਰੀ ਦੇ ਮਾਲਿਕ ਗੁਰੂ ਹਰਿਗੋਬਿੰਦ ਸਾਹਿਬ




ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524




ਇਤਿਹਾਸਕਾਰ ‘ਛਠਮ ਪੀਰ’ ਦੇ ਗੁਰਿਆਈ ਕਾਲ ਨੂੰ ਸਿੱਖ ਲਹਿਰ ਦਾ ਮਹੱਤਵਪੂਰਨ ਪੜਾਅ ਮੰਨਦੇ ਹਨ। ਗੁਰੂ ਅਰਜਨ ਸਾਹਿਬ ਦੇ ਸੁਚੱਜੇ ਪ੍ਰਬੰਧ ਅਤੇ ਸਿੱਖੀ ਵਿਚਾਰਧਾਰਾ ਦੀ ਸਰਲਤਾ ਨੇ ਹਰ ਆਮ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਸੀ। ਸਿਮਰਨ, ਨਿਮਰਤਾ, ਸੇਵਾ ਅਤੇ ਵੰਡ ਛਕਣ ਵਰਗੇ ਗੁਣਾਂ ਕਰਕੇ ਲੋਕ-ਸਮੂਹ ਸਿੱਖ ਮੱਤ ਵਿਚ ਪ੍ਰਵੇਸ਼ ਕਰ ਰਹੇ ਸਨ। ਅੰਮ੍ਰਿਤਸਰ ਅਤੇ ਹੋਰ ਕੇਂਦਰਾਂ ਉੱਪਰ ਹਰ ਸਮੇਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਸੀ। ਸ਼ਰਧਾਲੂਆਂ ਦੀਆਂ ਭੇਟਾਵਾਂ ਅਤੇ ਮਸੰਦਾਂ ਦੁਆਰਾ ਇਕੱਠਾ ਕੀਤਾ ਦਸਵੰਧ, ਗੁਰੂ-ਘਰ ਨੂੰ ਕਦੇ ਆਰਥਿਕ ਸੰਕਟ ਨਾ ਆਉਣ ਦਿੰਦਾ।

ਬੀਰਬਲ ਅਤੇ ਚੰਦੂ, ਹਿੰਦੂ ਮੁਸਲਮਾਨ ਸੋਚ ਦੇ ਪ੍ਰਤੀਨਿਧ ਵਜੋਂ ਹਕੂਮਤ ਦੇ ਕੰਨ ਭਰਦੇ ਰਹੇ ਅਤੇ ਪ੍ਰਿਥੀ ਚੰਦ ਵੀ ਹਾਕਮਾਂ ਕੋਲ ‘ਹੱਕ’ ਲੈਣ ਲਈ ਦਰਖਾਸਤਾਂ ਦਿੰਦਾ ਰਿਹਾ। ਨਕਸ਼ਬੰਦੀ ਮੁਸਲਮਾਨ ਤਾਂ ਸਮੇਂ ਦੇ ਬਾਦਸ਼ਾਹ ਨੂੰ ਉਂਗਲਾਂ ਉੱਪਰ ਨਚਾਉਣਾ ਚਾਹੁੰਦੇ ਸਨ। ਸਭ ਤਰ੍ਹਾਂ ਦੇ ਵਿਰੋਧੀ ਇਕੱਠੇ ਨਜ਼ਰ ਆ ਰਹੇ ਸਨ। ਖੁਸਰੋ ਦੀ ਮਦਦ ਕਰਨ ਦਾ ਦੋਸ਼, ਕੰਨਾਂ ਦੇ ਕੱਚੇ ਬਾਦਸ਼ਾਹ ਅਤੇ ਵਿਰੋਧੀਆਂ ਲਈ ਕਾਫੀ ਸੀ। ਇਹ ਗੱਠਜੋੜ ਸਮਝਦਾ ਸੀ ਕਿ ਇਕ ਝਟਕੇ ਨਾਲ ਲਹਿਰ ਨੂੰ ਖਦੇੜ ਦਿੱਤਾ ਜਾਵੇ। ਸੰਨ ੧੬੦੬ ਈ. ਨੂੰ ਲਾਹੌਰ ਵਿਖੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਵਰ੍ਹਿਆਂ ਦੀ ਸੀ। 19 ਜੂਨ 1595 ਈ. ਨੂੰ ਗੁਰੂ ਕੀ ਵਡਾਲੀ ਵਿਖੇ ਗੁਰੂ ਅਰਜਨ ਸਾਹਿਬ ਦੇ ਘਰ, ਮਾਤਾ ਗੰਗਾ ਜੀ ਦੇ ਉਦਰ ਤੋਂ ‘ਦਲਿਭੰਜਨ ਗੁਰੂ ਸੂਰਮਾ’ ਜਨਮਿਆ। ਪ੍ਰਿਥੀ ਚੰਦ ਦੀਆਂ ਮਨ ਦੀਆਂ ਮਨ ਵਿਚ ਰਹਿ ਗਈਆਂ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਗੁਰੂ ਅਰਜਨ ਸਾਹਿਬ ਦੇ ਆਦੇਸ਼ ਮੁਤਾਬਿਕ, ਸਿੱਖ ਮੱਤ ਦੇ ਫ਼ੌਜੀਕਰਨ ਦਾ ਐਲਾਨ ਕੀਤਾ। ਗੁਰਗੱਦੀ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਸਤਾਰ ਅਤੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਸੰਤ-ਸਿਪਾਹੀ ਬਣਾਉਣ ਲਈ, ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ-ਨੇੜੇ ਦੇ ਸਿੱਖਾਂ ਨੂੰ ਅੰਮ੍ਰਿਤਸਰ ਬੁਲਵਾਇਆ ਅਤੇ ਉਨ੍ਹਾਂ ਨੂੰ ਚੰਗੇ ਹਥਿਆਰ ਅਤੇ ਘੋੜੇ ਨਜ਼ਰਾਨੇ ਵਜੋਂ ਲਿਆਉਣ ਲਈ ਕਿਹਾ। ਬਾਅਦ ਵਿਚ ਚੰਗੇ ਘੋੜਿਆਂ ਦੀ ਖਰੀਦ ਲਈ ਕੁਝ ਸਿੱਖਾਂ ਨੂੰ ਬੁਖ਼ਾਰੇ ਵੀ ਭੇਜਿਆ ਗਿਆ। ਸਿੱਖਾਂ ਲਈ ਸ਼ਸਤਰ-ਵਿੱਦਿਆ ਦਾ ਪ੍ਰਬੰਧ ਕੀਤਾ ਅਤੇ ਛੇਤੀ ਹੀ ਗੁਰੂ ਜੀ ਕੋਲ ਬਹਾਦਰ ਗੱਭਰੂਆਂ ਦੀ ਇਕ ਫ਼ੌਜ ਤਿਆਰ ਹੋ ਗਈ।

ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨੀਆਂ ਅਤੇ ਸਿੱਖਾਂ ਨੂੰ ਸ਼ਸਤਰਧਾਰੀ ਹੋਣ ਦਾ ਆਦੇਸ਼ ਦਿੱਤਾ ਗਿਆ, ਉਸ ਦਿਨ ਆਮ ਸਿੱਖ ਭੰਬਲਭੂਸੇ ਵਿਚ ਪੈ ਗਏ ਸਨ। ਬਹੁਤ ਸਾਰੀ ਸੰਗਤ ਗੁਰੂ ਸਾਹਿਬ ਨੂੰ ਰਾਹੋਂ 'ਲਾਂਭੇ' ਪਿਆ ਸਮਝਣ ਲੱਗੀ ਸੀ। ਕੁਝ ਮੋਹਿਤਬਰਾਂ ਨੇ ਮਾਤਾ ਜੀ ਪਾਸ 'ਸ਼ਿਕਾਇਤ' ਵੀ ਕੀਤੀ ਸੀ। ਇਸ ਸਮੇਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ। ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ ਵਰਗੇ ਮਹਾਂਪੁਰਸ਼ਾਂ ਨੇ ਇਸ ਸਮੇਂ ਵੱਡੀ ਮਿਹਨਤ ਉਪਰੰਤ, ਸੰਗਤਾਂ ਨੂੰ ਗੁਰੂ-ਦਰ ਨਾਲ ਜੋੜੀ ਰੱਖਿਆ। ਭਾਈ ਗੁਰਦਾਸ ਜੀ ਨੇ ਇਸ ਪ੍ਰਥਾਏ ਕਈ ਪਉੜੀਆਂ ਰਚੀਆਂ ਅਤੇ ਉਨ੍ਹਾਂ ਸੰਗਤਾਂ ਨੂੰ ਸਮਝਾਇਆ ਕਿ ਗੁਰੂ ਹਰਿਗੋਬਿੰਦ ਸਾਹਿਬ ਉਸੇ ਮਾਲਾ ਦੇ ਮੋਤੀ ਹਨ, ਜਿਸ ਦੇ ਪਹਿਲੇ ਪੰਜ ਗੁਰੂ-ਸਾਹਿਬਾਨ ਸਨ। ਸੰਗਤਾਂ ਨੇ ਜਲਦੀ ਹੀ ਗੁਰੂ-ਕਾਜ ਲਈ ਮਰ-ਮਿਟਣ ਨੂੰ ਧੰਨ ਸਮਝ ਲਿਆ। ਗੱਭਰੂਆਂ ਨੇ ਆਪਣੀਆਂ ਜਵਾਨੀਆਂ ਨੂੰ ਗੁਰੂ ਅੱਗੇ ਸਮਰਪਣ ਕਰਕੇ, ਧੰਨ ਕਰ ਲਿਆ ਸੀ।

ਇਸ ਫ਼ੌਜੀਕਰਨ ਦਾ ਅਗਲਾ ਪੜਾਅ ਸੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਐਲਾਨ! ਹਰਿਮੰਦਰ ਸਾਹਿਬ ਦੇ ਸਾਹਮਣੇ ਸੰਨ ੧੬੦੬ ਈ. ਨੂੰ ਅਕਾਲ ਤਖਤ ਦੀ ਨੀਂਹ ਰੱਖੀ ਗਈ। ਇਸ ਇਮਾਰਤ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੀ ਹੱਥੀਂ ਬਣਾਇਆ। ਸੰਨ ੧੬੦੬ ਈ. ਨੂੰ ਦੁਨੀਆਂ ਵਿਚ ਪਹਿਲੀ ਵੇਰਾਂ ਅਕਾਲ ਤਖ਼ਤ ਦਾ ਸੰਕਲਪ ਸਾਕਾਰ ਹੋਇਆ। ਝੂਠੇ ਬਾਦਸ਼ਾਹਾਂ ਦੇ ਕੂੜੇ ਤਖ਼ਤਾਂ ਦੀ ਥਾਂ ਸੱਚੇ ਪਾਤਸ਼ਾਹ ਦਾ ਅਕਾਲੀ ਤਖ਼ਤ ਸੀ। ਇਸ ਅਸਥਾਨ 'ਤੇ ਨਿਸ਼ਾਨ ਸਾਹਿਬ ਅਤੇ ਨਗਾਰਾ ਵੀ ਸਥਾਪਤ ਕੀਤੇ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਜਿਹੇ ਤਖ਼ਤ ਦੀ ਰਚਨਾ ਕਰਕੇ, ਸੰਗਤਾਂ ਦੇ ਮਨਾਂ ਵਿਚੋਂ ਹਕੂਮਤ ਦੇ ਦਬਦਬੇ ਨੂੰ ਖਤਮ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਦਰਬਾਰ ਦੀ ਸ਼ਾਨੋ-ਸ਼ੌਕਤ, ਸ਼ਾਹੀ ਦਰਬਾਰ ਦਾ ਮੂੰਹ ਚਿੜਾਉਂਦੀ ਸੀ। ਇਸ ਦਰਬਾਰ ਵਿਚ ਲੋਕਾਂ ਦੇ ਝਗੜੇ ਹੱਲ ਕੀਤੇ ਜਾਂਦੇ ਸਨ। ਵਿਰੋਧੀ ਤਾਕਤਾਂ ਚਿੰਤਤ ਹੋ ਗਈਆਂ। ਉਨ੍ਹਾਂ ਨੇ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਹਰਿਗੋਬਿੰਦ ਸਾਹਿਬ ਫ਼ੌਜ ਇਕੱਠੀ ਕਰਕੇ, ਆਪਣੇ ਗੁਰੂ-ਪਿਤਾ ਦੀ ਸ਼ਹੀਦੀ ਦਾ ਬਦਲਾ ਲੈਣ ਲਈ, ਹਕੂਮਤ ਨਾਲ ਟਕਰਾਉਣਾ ਚਾਹੁੰਦੇ ਹਨ। ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ੧੬੦੯ ਈ. ਨੂੰ ਗ੍ਰਿਫ਼ਤਾਰ ਕਰਕੇ, ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਆਪ ਜੀ ਨੂੰ ੧੨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਪਰ ੧੬੧੧ ਈ. ਨੂੰ ਬਾਦਸ਼ਾਹ ਨੇ ਆਪ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਦਰਮਿਆਨ ਸਿੱਖ ਸੰਗਠਨ ਦੀ ਮਜ਼ਬੂਤੀ ਅਤੇ ਵਾਧੇ ਲਈ ਦੇਸ਼ ਭਰ ਵਿਚ ਦੌਰਾ ਕੀਤਾ। ਉਨ੍ਹਾਂ ਨੇ ਗੁਰਮਤਿ ਵਿਚਲੇ ਮੀਰੀ-ਪੀਰੀ ਦੇ ਸੁਮੇਲ ਦੇ ਸਿਧਾਂਤ ਦੀ ਮਹੱਤਤਾ, ਉਸ ਸਮੇਂ ਦੇ ਧਾਰਮਕ ਆਗੂਆਂ ਨੂੰ ਦੱਸੀ। ਗੁਰੂ ਜੀ ਨੇ ਧਰਮ ਦੇ ਸਮਾਜਕ ਮਹੱਤਵ ਨੂੰ ਸਮਝ ਲਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਣਿਆਂ ਅਤੇ ਉਦਾਸੀਆਂ ਨੂੰ, ਸਿੱਖ-ਸੰਗਠਨ ਵਿਚ ਲਿਆਉਣ ਦੇ ਯਤਨ ਕੀਤੇ।

ਇਸਲਾਮ ਤੋਂ ਬਾਅਦ ਇਹ ਸਿੱਖ ਮੱਤ ਹੀ ਸੀ, ਜਿਸ ਦਾ ਫ਼ੌਜੀਕਰਨ ਹੋਇਆ। ਇਹੀ ਕਾਰਨ ਹੈ ਕਿ ਬਹੁਤੇ ਮੁਸਲਿਮ ਵਿਦਵਾਨਾਂ ਨੇ ਤਾਂ ਇਸ ਫ਼ੌਜੀਕਰਨ ਦੀ ਘਟਨਾ ਨੂੰ ਸਮਝ ਲਿਆ ਹੈ, ਜਦੋਂ ਕਿ ਹਿੰਦੂ ਅਤੇ ਈਸਾਈ ਪਿੱਠਭੂਮੀ ਵਾਲੇ ਵਿਦਵਾਨ, ਇਸ ਘਟਨਾ ਨੂੰ ਸਮਝਣ ਤੋਂ ਅਸਮਰਥ ਰਹੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਨੀਤੀਆਂ ਦੇ ਦੂਰ-ਅੰਦਾਜ਼ ਪ੍ਰਭਾਵ ਪਏ। ਬਾਅਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ-ਸਿਪਾਹੀਆਂ ਦੇ ਇਸ ਮੱਤ ਨੂੰ ਸਦੀਵਤਾ ਪ੍ਰਦਾਨ ਕੀਤੀ। ਆਧੁਨਿਕ ਸਮੇਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਚਾਰੇ ਮੀਰੀ-ਪੀਰੀ ਦੇ ਸਿਧਾਂਤ ਦਾ ਭਾਰੀ ਮਹੱਤਵ ਹੈ। ਧਰਮ ਨੇ ਜ਼ਿੰਦਾ ਰਹਿਣਾ ਹੈ ਤਾਂ ਜ਼ਰੂਰੀ ਹੈ ਕਿ ਧਰਮ, ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰੇ ਜਾਂ ਹੱਲ ਕਰਾਉਣ ਵਿਚ ਆਪਣਾ ਹਿੱਸਾ ਪਾਵੇ। ਧਰਮ ਮਨੁੱਖ ਦੀ ਅਧਿਆਤਮਕ ਉਨਤੀ ਦੇ ਨਾਲ-ਨਾਲ ਵਿਗਿਆਨ, ਟਕਨਾਲੋਜੀ, ਉਤਪਾਦਨ ਅਤੇ ਉਸ ਦੀ ਪਦਾਰਥਕ ਖੁਸ਼ਹਾਲੀ ਵਿਚ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧਰਮ ਨੂੰ ਜ਼ਿੰਦਾ ਰੂਹਾਂ ਦਾ ਧਰਮ ਬਣਾ ਕੇ, ਸਿੱਖ-ਸੰਗਠਨ ਵਿਚ ਉਤਸ਼ਾਹ ਅਤੇ ਮਰਨ ਦਾ ਚਾਓ ਭਰ ਦਿੱਤਾ। ਸਿੱਖ ਜੀਵਨ-ਜਾਂਚ ਵਿਚ ਮੀਰੀ-ਪੀਰੀ, ਭਗਤੀ-ਸ਼ਕਤੀ, ਦੇਗ਼-ਤੇਗ਼, ਸੰਤ-ਸਿਪਾਹੀ, ਲੋਕ-ਪਰਲੋਕ ਅਤੇ ਧਰਮ-ਰਾਜਨੀਤੀ ਵਿਚ ਸੁਮੇਲ ਅਤੇ ਸੰਤੁਲਨ ਕਰ ਦਿੱਤਾ। ਇਸ ਅਦੁੱਤੀ ਸੁਮੇਲ ਤੇ ਸੰਤੁਲਨ ਵਾਲੇ ਸਿਧਾਂਤ ਕਰਕੇ, ਸਿੱਖ ਮੱਤ ਨੇ ਸੰਸਾਰ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਦਿੱਖ ਅਤੇ ਪਹਿਚਾਣ ਬਣਾ ਲਈ ਹੈ।

● ● ●

## ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।

# ਸੋ ਕਮਾਵੈ
# ਧੁਰਿ ਲਿਖਿਆ ਹੋਇ ॥ ਅੰਗ 222

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਰਚੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਸ਼ੁਸ਼ੋਭਿਤ ਹੈ। ਗੁਰੂ ਜੀ ਦੱਸਦੇ ਹਨ ਕਿ ਧੁਰੋਂ ਲਿਖੇ ਲੇਖਾਂ ਅਨੁਸਾਰ ਹੀ ਮਨੁੱਖ ਏਥੇ ਕਮਾਈ ਕਰਦਾ ਹੈ। One acts as is pre-ordained. ਜਿੱਥੇ ਆਮ ਜੀਵਨ ਵਿਚ ਮਨੁੱਖ ਦੁਨਿਆਵੀ ਕਮਾਈ ਕਰਦਾ ਉਥੇ ਸਾਦਗੀ ਵਿਚ ਰਹਿ ਕੇ ਪ੍ਰਮਾਤਮਾ ਦੀ ਪ੍ਰਾਪਤੀ ਕਰ ਲੈਂਦਾ। ਗੁਰੂ ਗ੍ਰੰਥ ਸਾਹਿਬ ਵਿਚ ਭਗਤਾ ਦੀ ਬਾਣੀ ਦਰਜ ਹੈ ਜਿਹਨਾਂ ਉੱਪਰ ਉਸ ਪ੍ਰਮਾਤਮਾਂ ਦੀ ਬਖਸ਼ਸ਼ ਹੋਈ ਕਿ ਉਹਨਾਂ ਵੱਲੋਂ ਰਚੀ ਬਾਣੀ ਰਹਿੰਦੀ ਦੁਨੀਆਂ ਤੱਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤ ਧੰਨਾ ਜੱਟ ਜੋ ਕਿੱਤੇ ਵਜੋਂ ਇਕ ਕਿਰਸਾਨ ਹੈ ਹਰ ਰੋਜ਼ ਖੇਤਾਂ ਵਿਚ ਮੱਝਾਂ ਚਾਰਦਾ ਹੈ। ਪੂਰਬਲੇ ਭਗਤੀ ਸੰਸਕਾਰਾਂ ਨੂੰ ਜਗਾਉਣ ਲਈ ਕੋਈ ਬਿੱਧ ਬਹਾਨਾ ਚਾਹੀਦਾ ਸੀ। ਭਗਤ ਜੀ ਹਰ ਰੋਜ਼ ਇਕ ਪੰਡਿਤ ਨੂੰ ਦੇਖਦੇ ਕਿ ਉਹ ਪਹਿਲਾਂ ਆਪ ਇਸ਼ਨਾਨ ਕਰਦੇ ਫਿਰ ਆਪਣੇ ਠਾਕਰ (ਪੱਥਰ) ਨੂੰ ਵੀ ਨਦੀ ਵਿਚ ਇਸ਼ਨਾਨ ਕਰਵਾਉਂਦੇ ਅਤੇ ਫਿਰ ਉਸ ਦੀ ਪੂਜਾ ਕਰਦੇ। ਇਸ ਨੂੰ ਹਰ ਰੋਜ਼ ਭਗਤ ਜੀ ਦੇਖਦੇ ਅਤੇ ਮੰਨ ਵਿਚ ਇੱਛਾ ਜ਼ਾਹਿਰ ਕਰਦੇ ਕਿ ਮੈਂ ਵੀ ਇਸ ਤਰ੍ਹਾਂ ਕਰਾਂ। ਇਕ ਦਿਨ ਧੰਨਾ ਜੀ ਨੇ ਹੌਸਲਾ ਕਰ ਪੰਡਤ ਜੀ ਨੂੰ ਪੁੱਛਿਆ ਕਿ ਤੁਸੀਂ ਇਹ ਕੀ ਕਰਦੇ ਹੋ। ਸਾਰੀ ਕਿਰਿਆ ਤੋਂ ਜਾਣੂ ਕਰਾ ਕੇ ਪੰਡਿਤ ਜੀ ਨੇ ਧੰਨਾ ਜੀ ਨੂੰ ਇਕ ਨਦੀ ਕਿਨਾਰੇ ਤੋਂ ਪੱਥਰ ਚੁੱਕ ਕੱਪੜੇ ਵਿਚ ਲਪੇਟ ਕੇ ਦਿੱਤਾ ਬਦਲੇ ਵਿਚ ਉਸ ਪਾਸੋਂ ਇਕ ਲਵੇਰੀ ਗਾਂ ਲੈ ਲਈ। ਧੰਨਾ ਜੀ ਨੇ ਘਰ ਪਹੁੰਚ ਕੇ ਪੰਡਿਤ ਜੀ ਦੇ ਦੱਸੇ ਅਨੁਸਾਰ ਪੱਥਰ ਨੂੰ ਇਸ਼ਨਾਨ ਕਰਵਾ ਕੇ ਉਸ ਅੱਗੇ ਸਾਗ, ਮੱਕੀ ਦੀ ਰੋਟੀ ਅਤੇ ਲੱਸੀ ਦਾ ਗਿਲਾਸ ਰੱਖ ਪੂਜਾ ਕਰਨੀ ਸ਼ੁਰੂ ਕੀਤੀ। ਭੋਲਾਪਨ, ਸਾਫ਼ ਮੰਨ ਅਤੇ ਦ੍ਰਿੜਤਾ ਕਾਇਮ ਰੱਖੀ। ਵਾਰ-ਵਾਰ ਭੋਗ ਲਈ ਬੇਨਤੀ ਕੀਤੀ।

ਆਖਿਰ ਪ੍ਰਭੂ ਜੀ ਨੇ ਉਸ ਪਰੋਸੀ ਹੋਈ ਥਾਲੀ ਨੂੰ ਭੋਗ ਲਗਾ ਕੇ ਧੰਨਾ ਜੀ ਨੂੰ ਖੁਸ਼ੀ ਨਾਲ ਗਦ-ਗਦ ਕਰ ਦਿੱਤਾ। ਕਿਉਂਕਿ ਭਗਤ ਜੀ ਨੂੰ ਪ੍ਰਮਾਤਮਾ ਦੇ ਦਰਸ਼ਨ ਹੋ ਚੁੱਕੇ ਸਨ ਇਸ ਲਈ ਉਹਨਾਂ ਆਪਣੇ ਮੁਖਾਰਬਿੰਦ ਤੋਂ ਕਿਹਾ ਹੇ ਮੰਨ ਨਿਸ਼ਚਿੰਤ ਹੋ ਕੇ ਪ੍ਰਭੂ ਮਾਲਕ ਦਾ ਭਜਨ ਕਰ। ਜੋ ਵੀ ਆਰਥਿਕ ਪ੍ਰਮਾਰਥਕ ਲੋੜ ਹੋਵੇ ਨਿਸ਼ੰਗ ਹੋ ਕੇ ਆਪਣੇ ਮਾਲਿਕ ਪ੍ਰਭੂ ਅੱਗੇ ਅਰਜ ਕਰਨੀ ਚਾਹੀਦੀ ਹੈ।

ਅੱਜ ਵੀ ਉਹਨਾਂ ਦੇ ਮੁਖਾਰਬਿੰਦ ਤੋਂ ਉਚਾਰਿਆ ਹੋਇਆ ਸ਼ਬਦ ਇਸ ਗੱਲ ਦੀ ਗਵਾਹੀ ਭਰ ਰਿਹਾ ਹੈ।

**ਧਨਾਸਰੀ ਧੰਨਾ ਜੀ ॥**

**ਗੋਪਾਲ ਤੇਰਾ ਆਰਤਾ ॥**

**ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਰਜ ਸਵਾਰਤਾ ॥੧ ॥ ਰਹਾਉ ॥**

**ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥**

**ਪਨੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧ ॥**

**ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥**

**ਘਰ ਕੀ ਗੀਹਨਿ ਚੰਗੀ ॥ ਜਿਨ ਧੰਨਾ ਲੇਵੈ ਮੰਗੀ ॥2 ॥4 ॥**(ਪੰਨਾ 895)

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



ਗੁਰੂ ਨਾਨਕ ਦੇਵ ਜੀ ਨੇ ਸੱਜਣ ਠੱਗ, ਭੂਮੀਏ ਚੋਰ, ਕੌਡੇ ਰਾਕਸ਼ ਵਰਗਿਆਂ ਪਾਸ ਜਾ ਕੇ ਉਹਨਾਂ ਨੂੰ ਵੀ ਕੂੜ-ਕੁਸ਼ਤ, ਠੱਗੀ-ਠੋਰੀ, ਵਲ-ਛਲ ਦਾ ਤਿਆਗ ਕਰ ਸ਼੍ਰੇਸ਼ਟ ਜੀਵਨ ਦੇ ਧਾਰਨੀ ਬਣਾਇਆ।

ਸੰਸਾਰ ਦਾ ਧੰਨ, ਪਦਾਰਥ, ਸੰਪਦਾ, ਰਾਜ ਭਾਗ, ਹੁਕਮ ਹਾਸਲ, ਸੁਖ ਅਰਾਮ ਅਤੇ ਮਾਣ ਵਡਿਆਈਆਂ ਆਦਿ ਪ੍ਰਾਪਤ ਕਰਨ ਉਪਰੰਤ ਮਨੁੱਖ ਦੁਖੀ ਅਤੇ ਦਿਲਗੀਰ ਹੀ ਰਹਿੰਦਾ ਹੈ। ਭਗਤ ਪੀਪਾ ਜੀ ਦੀ ਵੀ ਮੁੱਢਲੀ ਜੀਵਨ ਯਾਤਰਾ ਇਹੋ ਜਿਹੀ ਹੀ ਰਹੀ। ਉਹਨਾਂ ਦਾ ਜਨਮ ਰਾਜਪੂਤ ਵੰਸ਼ ਵਿਚ ਸ਼ਾਹੀ ਘਰਾਣੇ ਵਿਚ ਹੋਇਆ। ਸਾਰੇ ਸੁਖ ਆਰਾਮ ਉਹਨਾਂ ਪਾਸ ਸਨ। ਫਿਰ ਵੀ ਆਤਮਿਕ ਤ੍ਰਿਪਤੀ ਦੀ ਕਮੀ ਸੀ। ਇਕ ਰਾਤ ਉਹਨਾਂ ਨੇ ਆਪਣੇ ਸ਼ਹਿਰ ਵਿਚ ਪ੍ਰਭੂ ਭਗਤੀ ਦੇ ਸੋਹਲੇ ਸੁਣੇ ਤੇ ਕੁਝ ਰਾਹਤ ਮਹਿਸੂਸ ਕੀਤੀ। ਜੋ ਭਗਤ ਜਨ ਇਹ ਗਾ ਰਹੇ ਸਨ ਉਹਨਾਂ ਪਾਸੋਂ ਪੁੱਛਿਆ ਤੁਹਾਡਾ ਗੁਰੂ ਕੌਣ ਹੈ। ਦੱਸਣ ਤੇ ਪਤਾ ਚੱਲਿਆ ਕਿ ਉਹ ਭਗਤ ਰਾਮਾਨੰਦ ਜੀ ਦੇ ਚੇਲੇ ਹਨ।

ਇਕ ਦਿਨ ਆਪਣੀਆਂ ਰਾਣੀਆਂ ਸਮੇਤ ਸ਼ਾਹੀ ਜਲੋ ਵਿਚ ਭਗਤ ਰਾਮਾਨੰਦ ਜੀ ਨੂੰ ਮਿਲਣ ਲਈ ਤੁਰ ਪਏ। ਜਦੋਂ ਰਾਮਾਨੰਦ ਜੀ ਨੂੰ ਇਤਲਾਹ ਹੋਈ ਤਾਂ ਉਹਨਾਂ ਮਿਲਣ ਤੋਂ ਇਨਕਾਰ ਕੀਤਾ ਕਿਹਾ ਪਹਿਲਾਂ ਸਾਦਗੀ ਵਿਚ ਰਹਿਣਾ ਸਿਖੋ ਫਿਰ ਆਉਣਾ। ਰਾਣੀਆਂ ਅਤੇ ਅਹਿਲਕਾਰਾਂ ਨੂੰ ਛੱਡ ਇਕੱਲੇ ਹੀ ਰਾਮਾਨੰਦ ਜੀ ਨੂੰ ਮਿਲਣ ਚੱਲ ਪਏ। ਰਾਮਾਨੰਦ ਜੀ ਨੇ ਥੋੜ੍ਹੀ ਹੋਰ ਪ੍ਰੀਖਿਆ ਲੈਂਦੇ ਹੋਏ ਉਹਨਾਂ ਨੂੰ ਮਿਲਣ ਦੀ ਆਗਿਆ ਕੀਤੀ। ਮਿਲਣ ਤੇ

ਮੰਨ ਹਲਕਾ ਹੋਇਆ। ਹੌਲੀ-ਹੌਲੀ ਰਾਜ ਭਾਗ ਦੇ ਕੰਮਾਂ ਵਿਚੋਂ ਦਿਲਚਸਪੀ ਘਟਾਉਂਦੇ ਹੋਏ ਪ੍ਰਭੂ ਭਗਤੀ ਵੱਲ ਚੱਲ ਪਏ।

ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਦਾ ਵੀ ਇਕ ਸ਼ਬਦ ਦਰਜ ਹੈ ਜੋ ਪ੍ਰਭੂ ਜੀ ਦੇ ਵਸਣ ਦੇ ਜਗ੍ਹਾ ਅਤੇ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਢੰਗ ਦਰਸਾਉਂਦਾ ਹੈ।

**ਧਨਾਸਰੀ ਪੀਪਾ ਜੀ ॥**

**ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥**

**ਕਾਇਅਉ ਧੂਪ ਦੀਪ ਨਈ ਬੇਦਾ ਕਾਇਅਉ ਪੂਜਉ ਪਾਤੀ ॥੧ ॥**

**ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥**

**ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧ ॥ ਰਹਾਉ ॥**

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**

**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥2 ॥3 ॥ ਪੰਨਾ 695**

ਸਰਹਿੰਦ ਸ਼ਹਿਰ ਦੇ ਸੂਬੇ ਵਜ਼ੀਰ ਖਾਂ ਵੱਲੋਂ ਸ਼ੇਰ ਮੁਹੰਮਦ ਖਾਂ ਜੋ ਮਲੇਰਕੋਟਲੇ ਦਾ ਨਵਾਬ ਸੀ ਨੂੰ ਭੜਕਾਇਆ ਕਿ ਉਸ ਦੇ ਭਰਾ ਨਾਹਰ ਖਾਂ ਅਤੇ ਭਾਣਜੇ ਖਿਜਰ ਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਚਮਕੌਰ ਦੇ ਯੁੱਧ ਵਿਚ ਮਾਰ ਦਿੱਤਾ। ਉਹ ਇਹਨਾਂ ਦਾ ਬਦਲਾ ਗੁਰੂ ਜੀ ਦੇ ਬੱਚਿਆਂ ਤੋਂ ਲੈ ਲਵੇ। ਨਵਾਬ ਸ਼ੇਰ ਮੁਹੰਮਦ ਖਾਂ ਨੇ ਇਹ ਦਲੀਲ ਰੱਦ ਹੀ ਨਹੀਂ ਕੀਤੀ ਸਗੋਂ ਹਾਅ ਦਾ ਨਾਅਰਾ ਵੀ ਮਾਰਿਆ ਕਿ ਸ਼ੀਰ ਖੋਰਾ ਉੱਪਰ ਜ਼ੁਲਮ ਢਾਉਣਾ ਠੀਕ ਨਹੀਂ।

**ਬਦਲਾ ਹੀ ਲੇਨਾ ਹੋਗਾ**

**ਤੋ ਹਮ ਲੇਗੇ ਬਾਪ ਸੇ।**

**ਮਹਿਫੂਜ ਰੱਖੇ ਹਮ ਕੋ ਖੁਦਾ**

**ਐਸੇ ਪਾਪ ਸੇ।**

ਸੁੱਚਾ ਨੰਦ ਨੇ ਆਪਣੀ ਮਲੀਨ ਬੁਧੀ ਨਾਲ ਇਕ ਹੋਰ ਵਾਰ ਕੀਤਾ।

**ਇਹ ਸ਼ੀਰ ਨਹੀਂ, ਸ਼ੇਰ ਕੇ ਬੱਚੇ ਹੈਂ**

**ਜਦ ਸਿਆਣੇ ਹੋਇੰਗੇ**

**ਤਦ ਇਹ ਤੁਫਾਨ ਉਠਾਵੇਂਗੇ।**

**ਅਰ ਇਨ ਕੋ ਸਲਾਮ ਕਰਨ ਨੂੰ ਕਹਿ,**

**ਇਹ ਨਹੀਂ ਕਰਨਗੇ।**

ਆਖਿਰ ਵਜ਼ੀਰ ਖਾਂ ਨੇ ਛੋਟੇ ਬੱਚਿਆਂ ਨੂੰ ਨੀਂਹਾਂ ਵਿਚ ਚਿਨਣ ਦਾ ਹੁਕਮ ਦੇ ਦਿੱਤਾ। ਦਿੱਲੀ ਦੇ ਸ਼ਾਹੀ ਜਲਾਦ ਸਾਸ਼ਲਬੇਗ ਅਤੇ ਬਾਸਲ ਬੇਗ ਜੋ ਸਮਾਣੇ (ਪੰਜਾਬ) ਦੇ ਵਸਨੀਕ ਸਨ ਇਹਨਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਜਿੰਦਾ ਹੀ ਕੰਧਾਂ ਵਿਚ ਚਿਣ ਦਿੱਤਾ ਅਤੇ ਬਾਅਦ ਵਿਚ ਜ਼ਿਬਹਾ ਕਰਕੇ ਸ਼ਹੀਦ ਕਰ ਦਿੱਤਾ ਗਿਆ।

ਜਦੋਂ ਟੋਡਰ ਮੱਲ ਨੂੰ ਇਸ ਘਟਨਾ ਦਾ ਪਤਾ ਚੱਲਿਆ ਤਾਂ ਉਸ ਨੇ ਵਜ਼ੀਰ ਖਾਂ ਨੂੰ ਆ ਕੇ ਬੇਨਤੀ ਕੀਤੀ ਕਿ ਉਹ ਇਹਨਾਂ ਬੱਚਿਆਂ ਦਾ ਸਸਕਾਰ ਕਰਨਾ ਚਾਹੁੰਦਾ ਹੈ। ਇਥੇ ਵੀ ਵਜ਼ੀਰ ਖਾਂ ਨੇ ਕਮੀਨਗੀ ਦਿਖਾਈ। ਜ਼ਮੀਨ ਲਈ ਖੜ੍ਹੇ ਰੁਕ ਮੋਹਰਾ ਦੀ ਮੰਗ ਕੀਤੀ। ਟੋਡਰ ਮੱਲ ਨੇ ਉਹ ਵੀ ਪੂਰੀ ਕੀਤੀ ਅਤੇ ਸਮੇਤ ਦਾਦੀ ਪੋਤਿਆਂ ਦਾ ਸਸਕਾਰ ਕੀਤਾ ਜਿਸ ਜਗ੍ਹਾ ਅੱਜ ਜੋਤੀ ਸਰੂਪ ਗੁਰੂ ਘਰ ਸੁਸ਼ੋਭਿਤ ਹੈ।

ਬਾਬਾ ਸੁੰਦਰ ਜੀ, ਸ੍ਰੀ ਗੁਰੂ ਅਮਰਦਾਸ ਜੀ ਦੇ ਪੜਪੋਤੇ ਸਨ। ਆਪ ਜੀ ਬੜੀ ਤੀਖਣ ਬੁੱਧੀ ਦੇ ਮਾਲਕ ਸਨ। ਕਿਵੇਂ ਆਪ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਵਨ ਸੰਦੇਸ਼ ਜੋ ਸਤਿਗੁਰੂ ਜੀ ਨੇ ਅੰਤਿਮ ਸਮੇਂ ਆਪਣੇ ਪਰਿਵਾਰ ਅਤੇ ਸਿੱਖ ਸੇਵਕਾਂ ਨੂੰ ਸੰਬੋਧਨ ਕਰਕੇ ਕਹੇ, ਆਪ ਜੀ ਨੇ ਸਿੱਖ ਜਗਤ ਦੀ ਰਹਿਨੁਮਾਈ ਲਈ ਕਲਮਬੰਧ ਕਰਕੇ, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪੇ। ਇਹ ਪਾਵਨ ਸਦੁ ਨਾਮੇਂ ਬਾਣੀ ਸਾਰੇ ਸਿਖ ਜਗਤ ਨੂੰ ਪ੍ਰਾਣੀ ਦੇ ਆਖਰੀ ਸਮੇਂ ਕੀ ਕਰਨਾ ਹੈ? ਅਤੇ ਕੀ ਨਹੀਂ ਕਰਨਾ ਨਸੀਹਤ ਰੂਪ ਵਿਚ ਗੁਰੂ ਵਸੀਅਤ ਦਾ ਦਰਜਾ ਰੱਖਦੀ ਹੈ। ਇਸ ਬਾਣੀ ਵਿਚ ਬਾਬਾ ਸੁੰਦਰ ਜੀ ਨੇ ਮੌਤ ਦੀ ਅਟਲ ਸੱਚਾਈ, ਜਿਸ ਨੂੰ ਗੁਰੂ ਅਮਰਦਾਸ ਜੀ ਨੇ ਆਪਣੇ ਪਰਿਵਾਰ ਅਤੇ ਸਿੱਖਾਂ-ਸੇਵਕਾਂ ਨੂੰ ਦ੍ਰਿੜ ਕਰਾਇਆ ਹੈ, ਦਾ ਹੇਠ ਲਿਖੇ ਅਨੁਸਾਰ ਵਰਨਣ ਕੀਤਾ -

**ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨ ਵੇਖਹੁ ਕਰ ਨਿਰਜਾਸਿ ਜੀਉ ॥**

**ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥3 ॥**

**ਰਾਮਕਲੀ ਸਦੁ, ਪੰਨਾ 923**

ਇਸ ਤੋਂ ਉਪਰੰਤ ਗੁਰੂ ਅਮਰਦਾਸ ਜੀ ਨੇ ਆਪਣੇ ਪਰਿਵਾਰ ਤੇ ਸਿੱਖ ਸੰਗਤਾਂ ਨੂੰ (ਗੁਰੂ ਰਾਮਦਾਸ ਜੀ ਨੂੰ ਗੁਰਤਾਗੱਦੀ ਦੇ ਸਿੰਘਾਸਨ ਉੱਪਰ ਬਿਠਾ ਕੇ ਗੁਰਤਾ ਗੱਦੀ ਦਾ ਵਾਰਸ ਥਾਪ ਦਿੱਤਾ ਸੀ)। ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਮੱਥਾ ਟੇਕਣ ਲਈ ਹੁਕਮ ਕਰ ਦਿੱਤਾ।

**ਸਤਿਗੁਰੁ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥**

**ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥4 ॥**

**ਰਾਮਕਲੀ ਸਦੁ ਪੰਨਾ 923**

# ਮਹਾਨ ਯੋਧਾ ਮਹਾਰਾਜਾ ਰਣਜੀਤ ਸਿੰਘ




ਪੰਜਾਂ ਦਰਿਆਵਾਂ ਦੀ ਖ਼ੁਸ਼ਹਾਲ, ਉਪਜਾਊ, ਇਤਿਹਾਸਕ ਅਤੇ ਸਿਰਕੱਢ ਭੋਇੰ ਪੰਜਾਬ ਨੂੰ ਇਹ ਸ਼ਰਫ਼ ਹਾਸਿਲ ਹੈ ਕਿ ਉਸ ਨੇ ਆਪਣੀ ਨਿੱਘੀ, ਸੁਖਾਵੀਂ ਅਤੇ ਸਦੀਵੀ ਗੋਦੀ ਵਿਚ ਜਿੱਥੇ ਅਨੰਤ ਕਾਲ ਦੇ ਪੀਰਾਂ-ਫ਼ਕੀਰਾਂ, ਰਿਸ਼ੀਆਂ-ਮੁਨੀਆਂ, ਤੇਜਸਵੀਆਂ ਅਤੇ ਆਚਾਰੀਆਂ ਨੂੰ ਖਿਡਾਇਆ ਹੈ ਉਥੇ ਮੱਧਕਾਲ ਵਿਚ ਦਸ ਅਮਰ ਪਾਤਿਸ਼ਾਹੀਆਂ ਦੇ ਰਸਭਿੰਨੜੇ ਅਤੇ ਅਨਾਦੀ ਬੋਲ ਵੀ ਮਾਣੇ ਹਨ। ਦੁਨੀਆ ਦੇ ਇਸ ਅੱਲੋਕਾਰੇ ਖਿੱਤੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਦੀਆਂ ਧੁੰਮਾਂ ਵੀ ਪਈਆਂ ਅਤੇ ਉਸ ਤੋਂ ਮਗਰੋਂ, ਪਰਮਾਤਮਾ ਨੇ ਪੰਜਾਬ ਨੂੰ ਇੱਕ ਅਜਿਹੇ ਅਨੂਠੇ ਸ਼ੇਰ-ਪੁੱਤਰ ਨਾਲ ਨਿਵਾਜਿਆ ਜਿਸ ਦੀਆਂ ਬੀਰ ਗਾਥਾਵਾਂ ਅੱਜ ਦੋ ਸੌ ਸਾਲ ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਕਾਬਲ, ਕੰਧਾਰ ਅਤੇ ਪਿਸ਼ਾਵਰ ਦੇ ਕਿਲ੍ਹਿਆਂ ਦੀਆਂ ਮੂਕ ਕੰਧਾਂ ਸੁਣਾਉਂਦੀਆਂ ਅਤੇ ਦਰਸਾਉਂਦੀਆਂ ਹਨ।

ਸੱਚਮੁੱਚ, ਹਜ਼ਾਰਾਂ ਸਾਲਾਂ ਦੀ ਵਿਦੇਸ਼ੀ ਲੁੱਟ-ਖਸੁੱਟ, ਆਪੋ-ਧਾਪੀ, ਰੌਲੇ-ਗੌਲੇ ਅਤੇ ਸ਼ੋਰੋ-ਗੁਲ ਦੇ ਆਕਾਸ਼ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਦ੍ਰਿੜ੍ਹਤਾ, ਖੁਲ੍ਹਦਿਲੀ, ਅਫ਼ਿਰਕੂ ਢੰਗ ਨਾਲ ਇਸਦਾ ਕਾਇਮ ਰਹਿਣਾ ਅਤੇ ਬੱਚੇ ਬੁੱਢੇ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨੀਆਂ ਇਕ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਉਨ੍ਹਾਂ ਦਾ ਸ਼ੁਮਾਰ ਅਕਬਰ, ਅਸ਼ੋਕ, ਸ਼ੇਰਸ਼ਾਹ ਸੂਰੀ ਅਤੇ ਸ਼ਿਵਾਜੀ ਮਰਹੱਟੇ ਆਦਿ ਜਿਹੀਆਂ ਉਨ੍ਹਾਂ ਮਕਬੂਲ ਸ਼ਖ਼ਸੀਅਤਾਂ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਲੋਕ-ਭਲਾਈ ਖ਼ਾਤਿਰ ਵਿਸ਼ੇਸ਼ ਜਤਨ ਕੀਤੇ ਅਤੇ ਬੁਲੰਦੀਆਂ ਸਰ ਕੀਤੀਆਂ। ਪਰਜਾ ਦੇ ਦਿਲ ਜਿੱਤਣ ਖ਼ਾਤਿਰ ਇਨ੍ਹਾਂ ਸਭਨਾਂ ਨੇ ਆਪਣਾ ਬਹੁਤ ਕੁਝ ਕੁਰਬਾਨ ਕਰਨੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਪੰਜਾਬੀ ਬੱਬਰ ਸ਼ੇਰ ਮਹਾਰਾਜਾ ਰਣਜੀਤ ਸਿੰਘ ਉਂਝ ਇਨ੍ਹਾਂ ਸਾਰਿਆਂ ਨਾਲੋਂ ਵਿਲੱਖਣ ਸੀ-ਬਿਲਕੁਲ ਹੀ ਅਲੱਗ ਕਿਉਂਕਿ ਉਸ ਨੇ ਆਰੰਭ ਤੋਂ ਅੰਤ ਤਕ ਜਿਨ੍ਹਾਂ ਅਸੂਲਾਂ, ਆਦਰਸ਼ਾਂ, ਸਿਧਾਂਤਾਂ ਅਤੇ ਨਿਯਮਾਂ ਨੂੰ ਅਪਣਾਇਆ, ਨਿਭਾਇਆ ਅਤੇ ਕਮਾਇਆ ਉਹ ਉਪਰ ਜ਼ਿਕਰਤ ਮਹਾਨ ਹਸਤੀਆਂ ਨੇ ਓਸ ਨਿਸ਼ਠਾ, ਦ੍ਰਿੜ੍ਹਤਾ, ਲਗਨ ਅਤੇ ਸੂਰਬੀਰਤਾ ਨਾਲ ਸ਼ਾਇਦ ਨਾ ਨਿਭਾਏ ਹੋਣ ਜਿਸ ਨਾਲ ਮਰਦੇ ਦਮ ਤਕ ਜਾਂਬਾਜ ਮਹਾਰਾਜਾ ਰਣਜੀਤ ਸਿੰਘ ਨੇ ਨਿਭਾਏ।

ਪੰਜਾਬ ਦਾ ਸ਼ੇਰ-ਪੁਤਰ ਰਣਜੀਤ ਸਿੰਘ ਪ੍ਰਭੂ-ਬਖਸ਼ਿਸ਼ ਕਾਰਨ ਹੀ ਅਜਿਹੇ ਉਚੇਰੇ ਮੁਕਾਮ ਦਾ ਭਾਗੀ ਬਣਿਆ ਜਿਸ ਦੀ ਕਾਮਨਾ ਤਾਂ ਭਾਵੇਂ ਹਰ ਵਿਅਕਤੀ ਕਰਦੈ ਪਰੰਤੂ ਜਿਹਦੀ ਪ੍ਰਾਪਤੀ ਅਤਿਅੰਤ ਦੁਸ਼ਵਾਰ ਕਾਰਜ ਹੈ। ਨਵੰਬਰ 1780 ਦੀ ਸਦ-ਸੁਹਾਵੀ ਅਤੇ ਅਤਿ ਸੁਖਾਵੀ ਰੁਤੇ; ਯੋਧੇ ਅਤੇ ਸਿਰਲੱਥ ਪਿਤਾ ਮਹਾਂ ਸਿੰਘ ਅਤੇ ਸੂਝ ਸਿਆਣਪ ਅਤੇ ਰਾਜਸੀ ਯੋਗਤਾ ਵਾਲੀ ਦਲੇਰ ਮਾਤਾ ਰਾਜ ਕੌਰ ਦੇ ਰੰਗਲੇ ਵਿਹੜੇ ਨੂੰ ਆਪਣੀਆਂ ਕਿਲਕਾਰੀਆਂ ਨਾਲ ਮਹਿਕਾਉਣ ਆਇਆ ਬਾਲ ਬੁਧ ਸਿੰਘ ਕਿਹੋ ਜਿਹਾ ਹੁਸੀਨ ਬਾਲ ਹੋਵੇਗਾ ਜਿਸ ਨੇ ਹੋਣੀਆਂ ਨਾਲ ਮੱਥਾਂ ਲਾ ਕੇ ਅਣਹੋਣੀਆਂ ਵਰਤਾਉਣੀਆਂ ਸਨ, ਕਹਿੰਦੇ ਕਹਾਉਂਦੇ ਜੁਝਾਰੂਆਂ ਨੂੰ ਭਾਜੜਾਂ ਪਾਉਣੀਆਂ ਸਨ ਅਤੇ ਕੁਫ਼ਰ-ਚਾਲਾਂ ਚਲਨ ਵਾਲਿਆਂ ਨੂੰ ਅਜਿਹਾ ਸਬਕ ਸਿਖਾਉਣਾ ਸੀ ਕਿ ਡੰਗਿਆਂ ਪਾਣੀ ਤਕ ਨਾ ਮੰਗੋ। ਚੜ੍ਹਤ ਸਿੰਘ ਦੇ ਇਸ ਅਨੂਠੇ ਪੋਤਰੇ ਬੁੱਧ ਸਿੰਘ ਦਾ ਨਾਮਕਰਣ ਭਾਵੇਂ ਬਜ਼ੁਰਗਾਂ ਨੇ ਦੀਰਘ ਵਿਚਾਰ ਉਪਰੰਤ ਹੀ ਕੀਤਾ ਸੀ ਪਰੰਤੂ ਆਪਣੀ ਮਿਸਲ (ਸ਼ੁਕਰਚੱਕੀਆ) ਦੇ ਸਰਦਾਰ ਮਹਾਂ ਸਿੰਘ ਨੇ ਜਿਹਲਮ ਦੇ ਕਿਨਾਰੇ 'ਤੇ ਚੱਠਿਆਂ ਵਿਰੁੱਧ ਲੜਦਿਆਂ ਉਸੇ ਦਿਨ ਹੀ ਮੈਦਾਨ ਫ਼ਤਹਿ ਕੀਤਾ ਸੀ ਜਿਸ ਦਿਨ ਪਰਿਵਾਰ ਨੂੰ ਭੁਚੰਗੀ ਦੀ ਅਮੁੱਲੀ ਸੌਗਾਤ ਪ੍ਰਾਪਤ ਹੋਈ ਸੀ। ਜੰਗ ਜਿਤਣ ਦੀ ਅਪਾਰ ਖ਼ੁਸ਼ੀ ਵਿਚ ਬੱਚੇ


**ਬਲਜੀਤ ਸਿੰਘ ਭਗਤਾਨਾ**
**ਸੇਵਾ ਮੁਕਤ ਡਿਪਟੀ ਚੀਫ਼ ਇੰਜੀਨੀਅਰ**
**ਵਾਈਸ ਪ੍ਰੈਜ਼ੀਡੈਂਟ**
**96461-00529**



ਦਾ ਨਾਂ ਬੁੱਧ ਸਿੰਘ (man of wisdom) ਤੋਂ ਰਣਜੀਤ ਸਿੰਘ (Winner of Battle) ਬਦਲ ਦਿੱਤਾ ਗਿਆ ਜਿਸਨੂੰ ਨੌਜਵਾਨ ਪੁੱਤਰ ਨੇ ਆਖਰੀ ਸਾਹਾਂ ਤੱਕ ਪੁਸ਼ਟ ਕੀਤਾ। ਉਸ ਨੇ ਹਰ ਰਣ ਵਿਚ ਜਿੱਤ ਪ੍ਰਾਪਤ ਕੀਤੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਗੁਰੂ ਵਰੋਸਾਇਆ ਹੋਇਆ ਸ਼ਖਸ ਸੀ-ਖ਼ਾਲਸਾ ਰਾਜ ਦਾ ਵਿਸ਼ਾਲ ਥੰਮ੍ਹ। ਸ਼ੁਧ ਖਾਲਸਾ ਹੁੰਦਿਆਂ ਜਿੱਥੇ ਉਸ ਨੇ ਗੁਰੂ ਸਾਹਿਬਾਨ ਦੇ ਸਿਧਾਂਤਾਂ ਨੂੰ ਅਮਲਾਂ ਵਿਚ ਢਾਲਿਆ ਉਥੇ ਉਸਨੇ ਇਨਸਾਨੀਅਤ ਦਾ ਸੱਚਾ ਸੁੱਚਾ ਮੁਜੱਸਮਾ ਬਣਨ ਦਾ ਵੀ ਟਿੱਲ ਲਾਇਆ। ਜਿਸ ਮੁਗ਼ਲ ਹਕੂਮਤ ਨੇ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਵੱਖ-ਵੱਖ ਮੌਕਿਆਂ ਤੇ ਗੁਰੂ-ਘਰ ਨਾਲ ਟਕਰ ਲੈਂਦਿਆਂ, ਵਧੀਕੀਆਂ, ਜ਼ਿਆਦਤੀਆਂ, ਮਨਮਾਨੀਆਂ ਅਤੇ ਆਪਹੁਦਰੀਆਂ ਕੀਤੀਆਂ ਤੇ ਸ਼ਹੀਦੀ ਜਾਮ ਪਿਲਾਉਣੋਂ ਵੀ ਗੁਰੇਜ਼ ਨਾ ਕੀਤਾ ਉਸੇ ਮੁਗ਼ਲ ਸ਼ਹਿਨਸ਼ਾਹਤ ਦੇ ਖੰਡਰਾਤਾਂ 'ਤੇ ਆਪਣੇ ਵਿਸ਼ਾਲ ਰਾਜ ਦੀਆਂ ਨੀਹਾਂ ਮਜ਼ਬੂਤ ਕਰਨ ਦਾ ਮਹਾਨ ਇਤਿਹਾਸਕ ਕਾਰਜ ਰਣਜੀਤ ਸਿੰਘ ਦੇ ਜ਼ਿੰਮੇ ਆਇਆ।

'ਸਰਕਾਰ-ਏ-ਖ਼ਾਲਸਾ' ਦਾ ਸਟੇਟ ਬੈਨਰ ਸਜਾਉਣ ਵਾਲਾ, ਸ਼ਾਹੀ ਦਰਬਾਰ ਦਾ ਨਾਂ 'ਦਰਬਾਰ-ਏ-ਖਾਲਸਾ' ਪ੍ਰਵਾਨ ਕਰਨ ਵਾਲਾ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ 'ਨਾਨਕਸ਼ਾਹੀ ਸਿੱਕਾ ਚਲਾਉਣ ਵਾਲਾ, 'ਰਣਜੀਤ ਸਿੰਘ ਅਕਾਲ ਸਹਾਇ' ਦੀ ਮੁਹਰ ਬਣਵਾਉਣ ਵਾਲਾ, ਸਿੰਘ ਸਾਹਿਬ' ਦੇ ਨਾਂ ਨਾਲ ਆਪਣੇ ਆਪ ਨੂੰ ਸਦਵਾਉਣ ਵਾਲਾ, ਦਰੀ ਉੱਤੇ ਦਰਬਾਰ ਸਜਾਉਣ ਵਾਲਾ, ਸਾਰੀ ਉਮਰ 'ਤਖਤ' ਜਾਂ ਸਿੰਘਾਸਣ ਉਤੇ ਨਾ ਬਿਰਾਜਮਾਨ ਹੋਣ ਵਾਲਾ, ਆਮ ਸਾਦਾ ਕਪੜੇ ਪਾਉਣ ਵਾਲਾ, ਕੁਰਸੀ ਉੱਤੇ ਹੀ ਦਰਬਾਰ ਲਾ ਲੈਣ ਵਾਲਾ (ਖਾਸ ਮੌਕਿਆਂ ਤੋਂ ਬਿਨਾਂ ਆਮ ਕੁਰਸੀ ਦੀ ਵਰਤੋਂ ਹੀ ਹੁੰਦੀ ਸੀ) ਹੀਰੇ-ਜਵਾਹਰਾਤਾਂ ਅਤੇ ਰਤਨਾਂ-ਲਾਲਾਂ ਨਾਲ ਮੋਹ ਨਾ ਪਾਲਣ ਵਾਲਾ ਤੇ ਸਭ ਤੋਂ ਵੱਧ ਕੇ ਆਪਣੀ ਪਰਜਾ ਨੂੰ ਹਰ ਪ੍ਰਕਾਰੀ ਵਿਤਕਰਿਆਂ ਤੋਂ ਉਤਾਂਹ ਦਿਲੋਂ, ਜੀਅ-ਜਾਨ ਨਾਲ ਪਿਆਰਨ ਵਾਲਾ ਮਹਾਰਾਜਾ ਰਣਜੀਤ ਸਿੰਘ ਤੋਂ ਬਿਨਾਂ ਇਸ ਧਰਤੀ ਤੇ ਹੋਰ ਕਿਹੜਾ ਰਾਜਾ ਹੋ ਸਕਦਾ ਸੀ।


ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਸੰਗਠਤ ਅਦਾਲਤੀ ਢਾਂਚੇ ਜਾਂ ਨਿਆਂਇਕ ਪ੍ਰਣਾਲੀ ਦਾ ਗਠਨ ਨਹੀਂ ਕੀਤਾ। ਇਸ ਦਾ ਮਤਲਬ ਇਹ ਵੀ ਨਹੀਂ ਕਿ ਜਨਤਾ ਨੂੰ ਨਿਆਂ ਹੀ ਨਹੀਂ ਮਿਲਦਾ ਸੀ ਅਤੇ ਜੰਗਲ ਦਾ ਰਾਜ ਸੀ। ਜੋ ਨਿਆਂਇਕ ਪ੍ਰਬੰਧ ਮੁਗ਼ਲ ਕਾਲ ਤੋਂ ਸਿੱਖ ਮਿਸਲਾਂ ਨੂੰ ਵਿਰਸੇ ਵਿਚ ਮਿਲਿਆ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਦੀ ਤਰ੍ਹਾਂ ਹੀ ਰਹਿਣ ਦਿੱਤਾ ਪਰ ਲੋੜ ਪੈਣ 'ਤੇ ਕਾਨੂੰਨ ਜ਼ਰੂਰ ਬਦਲੇ ਗਏ ਇਸ ਦਾ ਮੁੱਖ ਕਾਰਨ ਪੰਚਾਇਤਾਂ ਦੀ ਪ੍ਰਮੁੱਖ ਭੂਮਿਕਾ ਸੀ। ਇਨ੍ਹਾਂ ਦਾ ਕੰਮ ਬਿਲਕੁਲ ਪਾਰਦਰਸ਼ੀ ਸੀ। ਸਥਾਨਕ ਫੌਜਦਾਰੀ ਅਤੇ ਦੀਵਾਨੀ ਦੋਹਾਂ ਮਾਮਲਿਆਂ ਨੂੰ ਇਹ ਬਾਖ਼ੂਬੀ ਨਜਿੱਠ ਲੈਂਦੀਆਂ ਸਨ ਅਤੇ ਕਿਸੇ ਨਾਲ ਬੇ-ਇਨਸਾਫ਼ੀ ਦੀ ਗੁੰਜਾਇਸ਼ ਘੱਟ ਹੀ ਰਹਿੰਦੀ। ਇਨ੍ਹਾਂ ਪਾਸ ਕੋਈ ਲਿਖਤੀ ਕਾਨੂੰਨੀ ਹਦਾਇਤਾਂ ਜਾਂ ਕਿਤਾਬਾਂ ਨਹੀਂ ਸਨ, ਸਗੋਂ ਉਹ ਪ੍ਰਚਲਿਤ ਪਰੰਪਰਾਵਾਂ ਸਨ ਜਿਹੜੀਆਂ ਪੀੜ੍ਹੀ ਦਰ ਪੀੜ੍ਹੀ ਆਮ ਲੋਕਾਂ ਨੂੰ ਯਾਦ ਸਨ ਅਤੇ ਉਨ੍ਹਾਂ ਨੂੰ ਤੋੜ ਕੇ ਕੋਈ ਆਪਣੀ ਮਨਮਰਜ਼ੀ ਨਹੀਂ ਕਰ ਸਕਦਾ ਸੀ। ਜ਼ਮੀਨੀ ਝਗੜਿਆਂ ਦਾ ਨਿਪਟਾਰਾ ਕਾਨੂੰਨੀ ਅਤੇ ਗੁੰਝਲਦਾਰ ਅਦਾਲਤੀ ਨਿਜ਼ਾਮ ਨਾਲੋਂ ਕਿਤੇ ਜਲਦੀ ਅਤੇ ਤਸੱਲੀਬਖ਼ਸ਼ ਹੋ ਜਾਂਦਾ ਸੀ। ਝੂਠੇ ਅਤੇ ਫਰਜ਼ੀ ਗਵਾਹਾਂ ਨੂੰ ਪੰਚਾਇਤ ਦੇ ਨੇੜੇ ਵੀ ਨਹੀਂ ਫੜਕਣ ਦਿੱਤਾ ਜਾਂਦਾ ਸੀ। ਪੰਚਾਇਤ ਵਿਚ ਹੋਏ ਫੈਸਲੇ ਤੋਂ ਅਸੰਤੁਸ਼ਟ ਪਾਰਟੀ ਜਾਂ ਆਦਮੀ ਕਦੀ ਕਦੀ ਕਾਰਦਾਰ ਕੋਲ ਇਨਸਾਫ਼ ਦੀ ਮੰਗ ਕਰਦਾ ਸੀ। ਕਾਰਦਾਰ ਦੋਹਾਂ ਪਾਰਟੀਆਂ ਨੂੰ ਬੁਲਾ ਕੇ

ਦੋਹਾਂ ਦੀ ਗੱਲ ਸੁਣਦਾ ਅਤੇ ਤਸੱਲੀ ਕਰਵਾਉਣ ਦਾ ਯਤਨ ਕਰਦਾ ਅਤੇ ਉਸ ਦੇ ਫੈਸਲੇ ਨੂੰ ਦੋਵੇਂ ਧਿਰਾਂ ਮੰਨਦੀਆਂ ਸਨ। ਜ਼ਮੀਨੀ ਝਗੜਿਆਂ ਵਿਚ ਪਟਵਾਰੀਆਂ ਦੀ ਭੂਮਿਕਾ ਬਹੁਤ ਅਹਿਮ ਸੀ।

ਛੋਟੇ ਕਸਬਿਆਂ ਵਿਚ ਨਿਆਂ-ਪ੍ਰਬੰਧ ਸਿੱਧਾ ਕਾਰਦਾਰ ਦੇ ਹੱਥ ਹੁੰਦਾ। ਉਹ ਦੀਵਾਨੀ ਮੁਕੱਦਮਿਆਂ ਤੋਂ ਇਲਾਵਾ ਫੌਜਦਾਰੀ ਮੁਕੱਦਮਿਆਂ ਦੀ ਸੁਣਵਾਈ ਵੀ ਕਰਦੇ। ਉਨ੍ਹਾਂ ਪਾਸ ਜ਼ਿਆਦਾ ਮੁਕੱਦਮੇ ਜ਼ਮੀਨੀ ਦਾਵੇਦਾਰੀਆਂ, ਹੱਦ ਬੰਨਿਆਂ ਅਤੇ ਮਾਲੀਏ ਨਾਲ ਸੰਬੰਧਿਤ ਆਉਂਦੇ। ਉਹ ਪੈਸੇ ਦੇ ਲੈਣ ਦੇਣ ਸਬੰਧੀ ਸ਼ਿਕਾਇਤਾਂ ਵੀ ਸੁਣਦਾ। ਸ਼ਹਿਰਾਂ ਵਿਚ ਨਾਜ਼ਿਮ ਜਾਂ ਕਾਰਦਾਰ ਕਾਨੂੰਨ ਅਤੇ ਅਦਾਲਤੀ ਕੰਮਾਂ ਦਾ ਨਿਪਟਾਰਾ ਕਰਦੇ ਅਤੇ ਉਨ੍ਹਾਂ ਨੇ ਆਪਣੀ ਸਹਾਇਤਾ ਲਈ 'ਅਦਾਲਤੀ' ਰੱਖੇ ਹੁੰਦੇ ਸਨ। ਜੋ ਛੋਟੇ ਜੱਜਾਂ ਦਾ ਕੰਮ ਕਰਦੇ। ਹਰ ਸ਼ਹਿਰ ਵਿਚ ਸਬੰਧਿਤ ਨਾਜ਼ਿਮ ਵੱਲੋਂ ਇਕ ਕਚਹਿਰੀ ਸਥਾਪਿਤ ਕੀਤੀ ਹੁੰਦੀ ਸੀ, ਜਿਸ ਨੂੰ ਅਦਾਲਤ-ਏ-ਆਲ੍ਹਾ (ਉੱਚ ਅਦਾਲਤ) ਕਿਹਾ ਜਾਂਦਾ ਸੀ। ਇਨ੍ਹਾਂ ਅਦਾਲਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੰਤਰੀ ਵੀ ਆਪੋ ਆਪਣੇ ਵਿਭਾਗ ਨਾਲ ਸਬੰਧਤ ਅਦਾਲਤੀ ਝਗੜਿਆਂ ਦਾ ਨਿਪਟਾਰਾ ਕਰਦੇ ਸਨ। ਸਭ ਤੋਂ ਉੱਪਰਲੀ ਅਦਾਲਤ ਮਹਾਰਾਜਾ ਆਪ ਹੁੰਦਾ ਸੀ ਜੋ ਸ਼ਾਹੀ ਵਿਅਕਤੀਆਂ, ਮੰਤਰੀਆਂ, ਕਾਰਦਾਰਾਂ, ਨਾਜ਼ਿਮਾਂ ਅਤੇ ਦੂਜੇ ਅਹਿਲਕਾਰਾਂ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਦਾ ਸੀ। ਸਾਨੂੰ ਸਮਕਾਲੀ ਇਤਿਹਾਸਕ ਸਰੋਤਾਂ ਵਿਚ ਬਹੁਤ ਸਾਰੇ ਐਸੇ ਹਵਾਲੇ ਮਿਲਦੇ ਹਨ, ਜਿਨ੍ਹਾਂ ਵਿਚ ਮਹਾਰਾਜੇ ਵੱਲੋਂ ਕਿਸੇ ਪੀੜਤ ਵਿਅਕਤੀ ਦੀ ਸੁਣਵਾਈ ਕਰ ਕੇ ਉਸ ਦੀ ਤਸੱਲੀ ਕਰਵਾਈ ਹੋਵੇ।

ਮਹਾਰਾਜਾ ਰਣਜੀਤ ਸਿੰਘ ਦਾ ਨਿਆਂਇਕ ਪ੍ਰਬੰਧ ਉਪਰੋਂ ਭਾਵੇਂ ਢਿੱਲਾ ਅਤੇ ਸਾਧਾਰਨ ਜਿਹਾ ਹੀ ਦਿਸਦਾ, ਪਰ ਉਸ ਦੇ ਰਾਜ ਵਿਚ ਆਮ ਲੋਕ ਇਸ ਨਿਜ਼ਾਮ 'ਤੇ ਬਹੁਤ ਖੁਸ਼ ਸਨ ਕਿਉਂਕਿ ਇਹ ਲੋਕ-ਪਰੰਪਰਾਵਾਂ ਅਤੇ ਰਵਾਇਤਾਂ ਉੱਪਰ ਅਧਾਰਿਤ ਸੀ ਅਤੇ ਕਿਸੇ ਨਾਲ ਬੇਇਨਸਾਫ਼ੀ ਦੀ ਗੁੰਜਾਇਸ਼ ਬਹੁਤ ਘੱਟ ਸੀ। ਇਸ ਕੰਮ ਉੱਤੇ ਜੋ ਅਹਿਲਕਾਰ ਨਿਯੁਕਤ ਕੀਤੇ ਜਾਂਦੇ ਉਹ ਪੜ੍ਹੇ ਲਿਖੇ ਅਤੇ ਸਾਫ਼-ਸੁਥਰੇ ਅਕਸ ਵਾਲੇ ਹੁੰਦੇ ਸਨ। ਮਹਾਰਾਜਾ ਆਪ ਵੀ ਕਈ ਵਾਰ ਉਨ੍ਹਾਂ ਦੁਆਰਾ ਕੀਤੇ ਫੈਸਲਿਆਂ ਦੀ ਛਾਣਬੀਣ ਕਰਦਾ ਅਤੇ ਦੋਸ਼ੀਆਂ ਨੂੰ ਦੰਡਿਤ ਕਰਦਾ। ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਚੜ੍ਹਾਵੇ ਵਿਚ ਆਏ ਪੈਸੇ ਨੂੰ ਖਰਚ ਕਰਨ ਸਬੰਧੀ ਬੇ-ਨਿਯਮੀਆਂ ਦਾ ਜਦੋਂ ਪਤਾ ਲੱਗਾ ਤਾਂ ਉਸ ਨੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਭਾਈ ਸੰਤ ਸਿੰਘ ਨੂੰ ਪ੍ਰਬੰਧਕ ਦੇ ਅਹੁਦੇ ਤੋਂ ਤੁਰੰਤ ਵਿਹਲਾ ਕਰ ਦਿੱਤਾ ਅਤੇ ਉਸ ਦੀ ਜਗ੍ਹਾ ਭਾਈ ਹਰਭਜਨ ਰਾਏ ਦੇ ਪੁੱਤਰਾਂ, ਭਾਈ ਰਾਮ ਸਿੰਘ ਅਤੇ ਭਾਈ ਗੋਬਿੰਦ ਰਾਮ ਨੂੰ ਕੰਮ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ।

ਸਰਕਾਰੀ ਅਦਾਲਤਾਂ ਵਿਚ ਕਾਗ਼ਜ਼ੀ ਕੰਮਕਾਰ ਵਿਚ ਲੋਕਾਂ ਦਾ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ ਸੀ। ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਦਾ ਫੈਸਲਾ ਜਲਦੀ ਹੋ ਜਾਂਦਾ ਜਿਸ ਕਰਕੇ ਇਹ ਵਿਵਸਥਾ ਆਮ ਪੇਂਡੂਆਂ ਖਾਸ ਕਰ ਕੇ ਕਿਸਾਨਾਂ ਵਾਸਤੇ ਬਹੁਤ ਲਾਹੇਵੰਦ ਸੀ। ਦੇਰ ਦਾ ਨਿਆਂ ਵੀ ਇਕ ਤਰ੍ਹਾਂ ਦੀ ਬੇ-ਇਨਸਾਫ਼ੀ ਹੀ ਹੁੰਦੀ ਹੈ।



ਆਲੀਸ਼ਾਨ ਤੋਪਾਂ ਤੇ ਘੋੜਿਆਂ ਦਾ ਸ਼ੌਕੀਨ, ਆਪ ਅਨਪੜ੍ਹ ਹੋਣ ਦੇ ਬਾਵਜੂਦ ਪੜ੍ਹਿਆਂ ਲਿਖਿਆਂ ਦਾ ਮਹਾਂ ਕਦਰਦਾਨ, ਹਰਿਮੰਦਰ ਨੂੰ ਗੋਲਡਨ ਟੈਂਪਲ ਵਜੋਂ ਪ੍ਰਸਿੱਧ ਕਰਵਾਉਣ ਵਾਲਾ, ਕੋਮਲ ਕਲਾਵਾਂ ਦਾ ਉਪਾਸਕ, ਔਰਤ ਦੀ ਅਸੀਸ ਦਾ ਸਤਿਕਾਰ ਕਰਨ ਵਾਲਾ, ਸਿੱਖ ਰਹਿਤ, ਮਰਯਾਦਾ ਨਿਭਾਉਣ ਵਾਲਾ ਮਹਾਂਬਲੀ ਰਣਜੀਤ ਸਿੰਘ ਜਿਹਾ ਬੇਖ਼ੌਫ਼ ਰਾਜਾ, ਵੱਡੇ ਭਾਗਾਂ ਨਾਲ ਹੀ ਪਰਜਾਪਤੀ ਬਣ ਸਕਦਾ ਹੈ।

1808 ਵਿਚ ਲਾਹੌਰ ਆਏ ਇਕ ਅੰਗਰੇਜ਼ੀ ਸੈਲਾਨੀ ਨੇ ਜੋ ਅੱਖੀ ਡਿੱਠੇ ਹਾਲ ਬਿਆਨ ਕੀਤੇ ਉਹ ਹੁਣ ਤੱਕ 'ਏਸ਼ਿਐਟਿਕ ਸਾਲਾਨਾ ਰਜਿਸਟਰ 1809' ਵਿਚ ਸਾਂਭੇ ਪਏ ਹਨ – ਜਿਨ੍ਹਾਂ ਨੂੰ ਇੰਦੂ ਭੂਸ਼ਨ ਬੈਨਰਜੀ ਨੇ ਇਵੇਂ ਕਲਮਬੰਦ ਕੀਤਾ ਹੈ :

"ਵਧੀਆ ਕੱਪੜੇ ਪਹਿਨੀ ਰਿਸ਼ਟ ਪੁਸ਼ਟ ਤੇ ਸੰਤੁਸ਼ਟ ਲੋਕ ਇਕ ਵਧੀਆ ਸਰਕਾਰ ਦੇ ਲੋਕਾਂ ਦੇ ਗਵਾਹ ਜਾਪਦੇ ਸਨ। ਮੇਰੀ ਸਾਰੀ ਠਹਿਰ ਦੌਰਾਨ ਕੋਈ ਵੀ ਰਾਜੇ ਦੀ ਸ਼ਿਕਾਇਤ ਕਰਦਾ ਬੰਦਾ ਨਹੀਂ ਦਿਸਿਆ। ਕਾਸ਼ਤਕਾਰ ਵਿਸ਼ੇਸ਼ ਕਰਕੇ ਅਤੇ ਆਮ ਲੋਕ ਸਾਰੇ ਹੀ ਬੜੇ ਰੱਜ ਕੇ ਖਾਂਦੇ ਹੁੰਦੇ ਸਨ। ਸਿੱਖ ਸਰਦਾਰਾਂ ਦਾ ਵਿਸ਼ੇਸ਼ ਕਾਰਜ ਗੁਰੂ ਦੇ ਲੰਗਰਾਂ ਦਾ ਨਿਰੰਤਰ ਚਲਦੇ ਰਹਿਣਾ ਸੀ ਜੋ ਸਰਬੱਤ ਦੇ ਭਲੇ ਦੇ ਸੂਚਕ ਸਨ।"

ਉੱਨੀਵੀਂ ਸਦੀ ਦੇ ਪੰਜਾਬ ਦੇ ਚੜ੍ਹਦਾ ਸੂਰਜ, ਪੂਰਬੀ ਅਤੇ ਪੱਛਮੀ ਸੰਸਾਰ ਦਾ ਇਕ ਨਿਧੜਕ ਅਤੇ ਬੇਗਰਜ ਯੋਧਾ, ੧੯ਵੀਂ ਸਦੀ ਦੇ ਪੰਜਾਬ ਦੀ ਰਾਜਨੀਤਕ ਕ੍ਰਾਂਤੀ ਦੀ ਸਭ ਤੋਂ ਆਹਲਾ ਪੈਦਾਵਾਰ ਅਤੇ 'ਖਾਲਸੇ ਦੀ ਸਿਰਜਣਾ ਤੋਂ ਪੂਰੀ ਇਕ ਸਦੀ ਬਾਅਦ ਲਾਹੌਰ ਦੇ ਕਿਲ੍ਹੇ 'ਤੇ ਜਿੱਤ ਦੇ ਡੰਕੇ ਗੁੰਜਾਉਣ ਵਾਲਾ ਰਣਜੀਤ ਸਿੰਘ ਇਕ ਅਜਿਹਾ ਦਲੇਰ ਜਰਨੈਲ ਸੀ ਜਿਸ ਦੀ ਵਧੇਰੇ ਉਮਰ ਘੋੜੇ ਦੀ ਕਾਠੀ 'ਤੇ ਸਵਾਰ ਹੁੰਦਿਆ ਹੀ ਬੀਤ ਗਈ। ਜੇ ਕਹਿ ਲਈਏ ਕਿ ੧੯ਵੀਂ ਸਦੀ ਦੇ ਵਿਸ਼ਵ ਦੀ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਚਰਚਿਤ ਹਸਤੀ ਸੀ ਮਹਾਰਾਜਾ ਰਣਜੀਤ ਸਿੰਘ ਤਾਂ ਬਿਲਕੁਲ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

# ਜਦੋਂ ਬੰਦਾ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ)



ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਮਾਨ ਹੇਠ, ਸੰਨ 1710 ਵਿਚ ਸਿੱਖਾਂ ਵੱਲੋਂ ਸੂਬੇਦਾਰ ਵਜ਼ੀਰ ਖਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰਨ ਅਤੇ ਸਰਹਿੰਦ 'ਤੇ ਕਬਜ਼ਾ ਕਰਨ ਦੀ ਘਟਨਾ, ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਮੁਗ਼ਲਾਂ ਨੂੰ ਪਹਿਲੀ ਵੇਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਅਤੇ ਗਜ਼ਨਵੀ, ਤੈਮੂਰ ਤੇ ਬਾਬਰ ਦੇ ਖਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। "ਇਹ ਗੱਲ ਬਿਨਾਂ ਕਿਸੇ ਤਰਦੀਦ ਦੇ ਕਹੀ ਜਾ ਸਕਦੀ ਹੈ ਕਿ ਇਹ ਬੰਦਾ (ਬਹਾਦਰ) ਹੀ ਸੀ, ਜਿਸ ਨੇ ਸਿੱਖਾਂ ਨੂੰ ਸਭ ਤੋਂ ਪਹਿਲਾਂ ਇਹ ਸਿਖਾਇਆ ਕਿ ਕਿਵੇਂ ਲੜੀਦਾ ਹੈ ਅਤੇ ਜਿੱਤ ਪ੍ਰਾਪਤ ਕਰੀਦੀ ਹੈ।" ਡਾ. ਗੋਕਲ ਚੰਦ ਨਾਰੰਗ।

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ ਉਹ ਮੇਰੇ ਨਾਲ ਸਹਿਮਤ ਹੋਵੇਗਾ ਕਿ ਸਰਹਿੰਦ ਦੀ ਜਿੱਤ, ਮੁਗ਼ਲਾਂ ਦੀ ਤਬਾਹੀ ਵੱਲ ਵਧਿਆ ਸਿੱਖਾਂ ਦਾ ਪਹਿਲਾ ਭਰਵਾਂ ਕਦਮ ਸੀ। ਇਸ ਦੇ ਨਾਲ ਹੀ ਸਿੱਖ ਉਸ ਸ਼ਾਹਰਾਹ 'ਤੇ ਹੋ ਤੁਰੇ ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ। ਖੈਰ! ਆਓ ਵੇਖੀਏ, ਘਟਨਾਵਾਂ ਦਾ ਸਿਲਸਿਲਾ ਕਿਥੋਂ ਸ਼ੁਰੂ ਹੁੰਦਾ ਹੈ ਅਤੇ ਇਤਿਹਾਸ ਦੀ ਹਿੱਕ 'ਤੇ ਪੈੜਾਂ ਪਾਉਂਦਾ ਕਿੱਥੇ ਜਾ ਕੇ ਖਤਮ ਹੁੰਦਾ ਹੈ।

**ਪਿਛੋਕੜ** - ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜੀਰ ਖਾਂ (ਸੂਬਾ ਸਰਹਿੰਦ) ਵੱਲੋਂ ਸਰਹਿੰਦ ਵਿਖੇ ਮਿਤੀ 27 ਦਸੰਬਰ, 1704 ਈ. ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦੀ ਦਿਲ-ਕੰਬਾਊ ਘਟਨਾ ਨੇ ਸਿੱਖ ਮਾਨਸਿਕਤਾ 'ਤੇ ਡੂੰਘਾ ਪੱਛ ਮਾਰਿਆ। ਇਸ ਘਟਨਾ ਦੇ ਤਿੱਖੇ ਪ੍ਰਤੀਕ੍ਰਮ ਵਜੋਂ ਸਿੱਖਾਂ ਦੇ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉੱਠੀ ਅਤੇ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉੱਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ।

ਬੇਸ਼ੱਕ ਗੁਰੂ ਗੋਬਿੰਦ ਸਿੰਘ ਅਡੋਲ ਰਹੇ ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਇਸ ਕਾਰਜ ਲਈ ਉਨ੍ਹਾਂ ਨੇ ਸਿੱਖਾਂ ਨੂੰ ਮਾਨਸਿਕਤਾ ਤੇ ਜਥੇਬੰਦਕ ਤੌਰ 'ਤੇ ਤਿਆਰ ਕੀਤਾ ਅਤੇ ਫਿਰ ਮੁਗ਼ਲਾਂ 'ਤੇ ਚੋਟ ਕਰਨ ਲਈ ਵਕਤ ਦਾ ਇੰਤਜ਼ਾਰ ਕਰਨ ਲੱਗੇ। ਅੰਤ, ਸਿੱਖਾਂ ਦੀ ਰਹਿਨੁਮਾਈ ਕਰਨ ਲਈ ਗੁਰੂ ਸਾਹਿਬ ਨੇ 3 ਸਤੰਬਰ, 1708 ਈ. ਨੂੰ ਗੋਦਾਵਰੀ ਦੇ ਕੰਢੇ ਨੰਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਬਹਾਦਰ ਦੀ ਚੋਣ ਕੀਤੀ। ਸਿੱਖ ਕੌਮ ਦੀ ਕਿਸਮਤ ਦੀ ਵਾਂਗਡੋਰ ਸੰਭਾਲਣ ਵਾਲੇ

ਇਸ ਸੁਭਾਗੇ ਵਿਅਕਤੀ ਦੀ ਉਮਰ ਉਸ ਵੇਲੇ 38 ਸਾਲਾਂ ਦੀ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਤੋਂ ਲਗਭਗ ਚਾਰ ਸਾਲ ਛੋਟਾ ਸੀ।

ਗੁਰੂ ਗੋਬਿੰਦ ਸਿੰਘ ਨੇ ਬੰਦਾ ਸਿੰਘ ਨੂੰ 'ਬਹਾਦਰ' ਦਾ ਖਿਤਾਬ ਦੇ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਉਂਞ ਵੀ ਪੰਜਾਬ 'ਤੇ ਚੜ੍ਹਾਈ ਕਰਨ ਲਈ ਇਹ ਐਨ ਢੁੱਕਵਾਂ ਸਮਾਂ ਸੀ ਅਤੇ ਸਿੱਖ ਜਗਤ ਵੀ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਟੱਕਰ ਲੈਣ ਲਈ ਤਿਆਰ ਸੀ। ਬੰਦਾ ਬਹਾਦਰ, ਅਕਤੂਬਰ 1708 ਦੇ ਆਸਪਾਸ ਪੰਜਾਬ ਲਈ ਰਵਾਨਾ ਹੋਇਆ। ਦਿੱਲੀ ਟੱਪਦਿਆਂ ਹੀ ਲੋਕ ਉਸ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ ਅਤੇ ਛੇਤੀ ਹੀ 40,000 ਸੈਨਿਕ ਉਸ ਦੇ ਅਧੀਨ ਇਕੱਠੇ ਹੋ ਗਏ। ਡਾ. ਗੋਕਲ ਚੰਦ ਨਾਰੰਗ ਅਨੁਸਾਰ ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8,900 ਹੋ ਗਈ ਅਤੇ ਅੰਤ 40,000 ਤੱਕ ਪਹੁੰਚ ਗਈ। ਮੁਹੰਮਦ ਕਾਸਮ ਲਿਖਦਾ ਹੈ ਕਿ ਥੋੜ੍ਹੇ ਅਰਸੇ ਦੌਰਾਨ ਹੀ ਬੰਦਾ ਬਹਾਦਰ ਦੀ ਕਮਾਨ ਹੇਠ 4,000 ਘੋੜ-ਸਵਾਰ ਇਕੱਠੇ ਹੋ ਗਏ। ਸੋ, ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ, ਪੰਜਾਬ ਦੇ ਇਤਿਹਾਸਕ ਰੰਗਮੰਚ 'ਤੇ ਅਚਾਨਕ ਇਕ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ।

**ਸਰਹਿੰਦ 'ਤੇ ਹਮਲੇ ਲਈ ਮੈਦਾਨ ਤਿਆਰ** - ਜਿੱਤਾਂ ਦੇ ਇਕ ਲੰਮੇ ਸਿਲਸਿਲੇ ਤੋਂ ਬਾਅਦ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਬੰਦਾ ਬਹਾਦਰ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ। ਸੋ, ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ, ਬੰਦਾ ਬਹਾਦਰ ਨੇ ਸਰਹਿੰਦ 'ਤੇ ਹੱਲਾ ਕਰਨ ਤੋਂ ਪਹਿਲਾਂ, ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦੇ ਆ ਰਹੇ ਸਿੱਖ ਜਥੇ ਦੀ ਉਡੀਕ ਕਰਨੀ ਉਚਿੱਤ ਸਮਝੀ। ਜਲਦੀ ਹੀ ਇਹ ਸ਼ਕਤੀਸ਼ਾਲੀ ਜਥਾ, ਖਰੜ ਤੇ ਬਨੂੜ ਵਿਚਕਾਰ, ਬੰਦਾ ਬਹਾਦਰ ਦੇ ਦਲ ਨਾਲ ਆ ਰਲਿਆ ਜਿਸ ਨਾਲ ਸਿੱਖਾਂ ਦੀ ਜੰਗੀ ਤਾਕਤ ਵਿਚ ਚੋਖਾ ਵਾਧਾ ਹੋਇਆ।

**ਸੂਬੇਦਾਰ ਵਜ਼ੀਰ ਖਾਂ ਦੀ ਜੰਗ ਲਈ ਤਿਆਰੀ ਤੇ ਮੋਰਚਾਬੰਦੀ** - ਬੰਦਾ ਬਹਾਦਰ ਦੀ ਕਮਾਨ ਹੇਠ ਖ਼ਾਲਸੇ ਦੀ 'ਹਰ ਮੈਦਾਨ ਫ਼ਤਹਿ' ਅਤੇ ਚੜ੍ਹਤ ਨੂੰ ਵੇਖ ਕੇ ਸੂਬੇਦਾਰ ਵਜ਼ੀਰ ਖਾਂ ਨੂੰ ਕਾਂਬਾ ਛਿੜ ਗਿਆ। ਉਸ ਨੇ ਜੰਗ ਦੀ ਤਿਆਰੀ ਵਿਚ ਸਾਰੇ ਸਾਧਨ ਜੁਟਾ ਦਿੱਤੇ। ਆਪਣੇ ਸੱਜਣਾਂ-ਮਿੱਤਰਾਂ ਅਤੇ ਰਾਜੇ-ਰਜਵਾੜਿਆਂ ਨੂੰ ਬੁਲਾ ਲਿਆ। ਜਹਾਦ ਦਾ ਨਾਅਰਾ ਲਾ ਦਿੱਤਾ। ਉਸ ਨੇ ਸਿੱਕੇ ਤੇ ਬਰੂਦ ਦੇ ਕੋਠੇ ਭਰ ਲਏ। ਜਦੋਂ ਵਜ਼ੀਰ ਖਾਂ ਨੂੰ ਇਹ ਯਕੀਨ ਹੋ ਗਿਆ ਕਿ ਉਹ ਸਿੱਖਾਂ ਦੇ ਹਮਲੇ ਨੂੰ ਪਛਾੜ ਸਕੇਗਾ ਤਾਂ ਉਹ 20 ਕੁ ਹਜ਼ਾਰ ਬਾਕਾਇਦਾ ਫੌਜ ਅਤੇ ਹੋਰ ਗਾਜ਼ੀਆਂ ਸਮੇਤ, ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਸੂਬੇਦਾਰ ਵਜ਼ੀਰ ਖਾਂ ਦੀ ਮੋਰਚਾਬੰਦੀ ਦਾ ਜ਼ਿਕਰ ਇਉਂ ਕਰਦਾ ਹੈ : "ਵਜ਼ੀਰ ਖਾਂ ਨੇ ਇਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜ੍ਹੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਤੇ ਜਾਗੀਰਦਾਰਾਂ ਦੀ ਫੌਜ ਖੜ੍ਹੀ ਕੀਤੀ ਅਤੇ ਚੌਥੇ ਪਾਸੇ ਆਪਣੀ ਫੌਜ ਵਿਚ ਜੰਬੂਰੇ ਤੇ ਰਹਿਕਲੇ ਆਦਿ ਬੀੜ ਕੇ ਆਪ ਗਾਜ਼ੀਆਂ ਦੇ ਵਿਚਕਾਰ ਇਕ ਉੱਚੇ ਹਾਥੀ ਉੱਤੇ ਚੜ੍ਹ ਗਿਆ।

ਬੰਦਾ ਬਹਾਦਰ ਦੀ ਮੋਰਚਾਬੰਦੀ ਦਾ ਜ਼ਿਕਰ ਕਰਦਿਆਂ ਗੁਰਦੇਵ ਸਿੰਘ ਦਿਉਲ ਆਪਣੀ ਪ੍ਰਸਿੱਧ ਪੁਸਤਕ 'ਬੰਦਾ ਬਹਾਦਰ-ਇਕ ਜੀਵਨੀ' ਦੇ ਪੰਨਾ 32 ਉੱਤੇ ਲਿਖਦਾ ਹੈ ਕਿ "ਬੰਦੇ ਨੇ ਆਪਣੀਆਂ ਸੈਨਾਵਾਂ ਨੂੰ ਦੋ ਹੱਲਾ-ਮਾਰ ਜਥਿਆਂ ਵਿਚ ਤਰਤੀਬ ਦਿੱਤੀ। ਪਹਿਲੇ ਜਥੇ ਵਿਚ ਮਾਲਵੇ ਦੇ ਸਿੰਘ ਸਨ, ਜਿਨ੍ਹਾਂ ਦੀ ਕਮਾਨ ਭਾਈ ਫ਼ਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਤੇ ਆਲੀ ਸਿੰਘ ਕਰ ਰਹੇ ਸਨ। ਦੂਜਾ ਜਥਾ, ਜਿਸ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ ਕਰ ਰਹੇ ਸਨ, ਮਝੈਲ ਸਿੰਘਾਂ ਦਾ ਸੀ। ਡਾਕੂਆਂ ਤੇ ਲੁਟੇਰਿਆਂ ਨੂੰ, ਜੋ ਬੰਦੇ ਦੀ ਸੈਨਾ ਵਿਚ ਮੌਜੂਦ ਸਨ, ਮਝੈਲਾਂ ਤੇ ਮਲਵਈਆਂ ਦੇ ਦਲਾਂ ਵਿਚ ਵੰਡ ਦਿੱਤਾ।" ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੂਬੇਦਾਰ ਵਜ਼ੀਰ ਖਾਂ ਕੋਲ ਜਿਥੇ ਵੱਡੀ ਗਿਣਤੀ ਵਿਚ ਹਾਥੀ, ਘੋੜ-ਚੜ੍ਹੇ ਬੰਦੂਕਚੀ, ਨੇਜ਼ਾ-ਬਰਦਾਰ ਅਤੇ ਤਲਵਾਰਚੀ ਸਨ ਉਥੇ ਬੰਦਾ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਨ, ਇਥੋਂ ਤੱਕ ਕਿ ਚੰਗੇ ਘੋੜੇ ਵੀ ਕਾਫੀ ਗਿਣਤੀ ਵਿਚ ਨਹੀਂ ਸਨ। ਸਿੰਘਾਂ ਕੋਲ ਕੇਵਲ ਲੰਮੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ।

**ਚੱਪੜਚਿੜੀ ਦੇ ਮੈਦਾਨ ਵਿਚ ਫੈਸਲਾਕੁੰਨ ਯੁੱਧ** - ਡਾ. ਗੰਡਾ ਸਿੰਘ ਅਤੇ ਰਤਨ ਸਿੰਘ ਭੰਗੂ ਅਨੁਸਾਰ ਇਹ ਯੁੱਧ, 12 ਮਈ, 1710 ਈ. ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਹੋਇਆ। (ਚੱਪੜਚਿੜੀ, ਖਰੜ ਤੇ ਲਾਂਡਰਾ ਵਿਚਕਾਰ ਸਥਿਤ ਇਕ ਛੋਟਾ ਜਿਹਾ ਪਿੰਡ ਹੈ)। ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਅਨੁਸਾਰ ਇਹ ਯੁੱਧ, 30 ਮਈ, 1710 ਈ. ਨੂੰ ਹੋਇਆ ਅਤੇ ਖ਼ਜ਼ਾਨ ਸਿੰਘ ਦਾ ਵਿਚਾਰ ਹੈ ਕਿ ਇਹ ਯੁੱਧ, ਸਰਹਿੰਦ ਦੇ ਨੜੇ ਵਡਾਲੀ ਤੇ ਨਾਨ੍ਹਹੇੜੀ ਪਿੰਡਾਂ ਦੀ ਜੂਹ ਵਿਚ ਹੋਇਆ।

ਜਦੋਂ ਵਜ਼ੀਰ ਖਾਂ ਦੀਆਂ ਫੌਜਾਂ ਟੱਕਰ ਲੈਣ ਲਈ ਅੱਗੇ ਵਧੀਆਂ ਤਾਂ ਬੰਦਾ ਬਹਾਦਰ ਨੇ ਵੀ ਆਪਣੇ ਕਮਾਂਡਰਾਂ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ ਅਤੇ ਆਪ, ਇਸ ਜੰਗੀ ਕਾਰਵਾਈ ਨੂੰ ਸੇਧ ਦੇਣ ਲਈ, ਨੇੜੇ ਹੀ ਇਕ ਉੱਚੀ ਥਾਂ 'ਤੇ ਬੈਠ ਗਿਆ। ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫੌਜਾਂ ਦਾ ਪਲੜਾ ਭਾਰੀ ਰਿਹਾ ਅਤੇ ਬੇਨੇਮੇ ਡਾਕੂ ਹਰਨ ਹੋ ਗਏ। ਮੁਗ਼ਲਾਂ ਦਾ ਪਲੜਾ ਭਾਰੀ ਵੇਖ ਕੇ, ਨਿਰਲੱਗ ਬੈਠਾ ਬੰਦਾ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਉਸ ਦੇ ਆਗਮਨ ਨੇ ਜਿੱਥੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ ਉਥੇ ਦੁਸ਼ਮਣਾਂ ਵਿਚ ਸਭ ਪਾਸੇ ਭੈਅ ਛਾ ਗਿਆ। ਇਸ ਸਬੰਧ ਵਿਚ ਨਾਮਵਰ ਇਤਿਹਾਸਕਾਰ ਕਰਮ ਸਿੰਘ ਲਿਖਦਾ ਹੈ ਕਿ "ਜਿਸ ਵੇਲੇ ਉਪ-ਕਮਾਂਡਰ ਬਾਜ ਸਿੰਘ ਨੇ ਬਾਜ਼ੀ ਜਾਂਦੀ ਵੇਖੀ ਤਾਂ ਘੋੜਾ ਦੌੜਾ ਕੇ ਬੰਦਾ ਬਹਾਦਰ ਕੋਲ ਪਹੁੰਚਿਆ ਅਤੇ ਕਿਹਾ ਕਿ ਉਸ ਬਾਝੋਂ ਮੈਦਾਨ ਹੱਥੋਂ ਜਾਂਦਾ ਨਜ਼ਰ ਆ ਰਿਹਾ ਹੈ, ਜੇਕਰ ਥੋੜ੍ਹਾ ਚਿਰ ਇਹੋ ਹਾਲ ਰਿਹਾ ਤਾਂ ਮੁੜ ਕੇ ਪੈਰ ਜਮਣੇ ਔਖੇ ਹੋ ਜਾਣਗੇ। ਬੰਦਾ ਬਹਾਦਰ ਵੀ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਝੱਟ ਸਵਾਰ ਹੋਇਆ ਅਤੇ ਝੱਟ ਮੈਦਾਨ ਵਿਚ ਆ ਉਤਰਿਆ।" ਸੋਹਣ ਸਿੰਘ ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਾਉਂਦਾ ਹੈ – "ਤਦ ਬੰਦਾ ਬਹਾਹਰ ਉਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।" ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਬਹਾਦਰ' ਦੇ ਪੰਨਾ 63 ਉੱਤੇ ਅਤੇ ਰਤਨ ਸਿੰਘ ਭੰਗੂ ਆਪਣੀ ਪੁਸਤਕ, 'ਪ੍ਰਾਚੀਨ ਪੰਥ ਪ੍ਰਕਾਸ਼' ਦੇ

ਪੰਨਾ 96 ਉੱਤ ਉਪਰੋਕਤ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ।

ਬੰਦਾ ਬਹਾਦਰ ਦੀ ਹਿੰਮਤ ਤੇ ਹੌਂਸਲੇ ਤੋਂ ਪ੍ਰਭਾਵਿਤ ਹੋ ਸਿੰਘ, ਇਕ ਮੁੱਠ ਹੋ ਕੇ ਵੈਰੀਆਂ 'ਤੇ ਟੁੱਟ ਪਏ। ਹਮਲਾ ਏਨਾ ਜ਼ੋਰਦਾਰ ਸੀ ਕਿ ਦੁਸ਼ਮਣ ਖੜ੍ਹਾ ਨਾ ਰਹਿ ਸਕਿਆ। ਖ਼ੂਨ-ਡੋਲਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ "ਮਾਰ ਵਜੀਦੇ ਖ਼ਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ।"-ਹਰਸਾ ਸਿੰਘ ਚਾਤਰ।

ਮੇਰੇ ਜਿਨ੍ਹਾਂ ਪਾਠਕਾਂ ਨੇ ਇਸ ਲਿਖਤ ਨੂੰ ਇੱਥੇ ਤੱਕ ਪੜ੍ਹਨ ਦਾ ਸਾਹਸ ਕੀਤਾ ਹੈ, ਮੈਂ ਸਮਝਦਾ ਹਾਂ, ਉਹ ਇਹ ਵੀ ਜਾਣਨਾ ਚਾਹੁੰਣਗੇ ਕਿ ਸੂਬੇਦਾਰ ਵਜ਼ੀਰ ਖ਼ਾਂ ਦੀ ਮੌਤ ਕਿਵੇਂ ਤੇ ਕਿਸ ਹੱਥੋਂ ਹੋਈ? ਬਹੁ-ਸੰਮਤੀ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਵਜ਼ੀਰ ਖ਼ਾਂ ਦੀ ਮੌਤ, ਬੰਦਾ ਬਹਾਦਰ ਦੇ ਇਕ ਸਿਰਕੱਢ ਜਰਨੈਲ ਫਤਿਹ ਸਿੰਘ ਦੇ ਹੱਥੋਂ ਹੋਈ। ਡਾ. ਗੰਡਾ ਸਿੰਘ ਅਨੁਸਾਰ - "ਬਾਜ ਸਿੰਘ ਨੇ ਵਜ਼ੀਰ ਖਾਂ ਦੇ ਹੱਥੋਂ ਨੇਜ਼ਾ ਖੋਹ ਕੇ ਉਸ ਦੇ ਘੋੜੇ ਦੇ ਸਿਰ ਵਿਚ ਖੋਭਿਆ ਅਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ, ਜਦ ਕਿ ਫ਼ਤਿਹ ਸਿੰਘ ਨੇ, ਜੋ ਕਿ ਨਾਲ ਹੀ ਖੜ੍ਹਾ ਸੀ, ਮਿਆਨ ਵਿਚੋਂ ਤਲਵਾਰ ਕੱਢੀ ਅਤੇ ਵਜ਼ੀਰ ਖਾਂ ਨੂੰ ਇੰਝ ਮਾਰੀ ਕਿ ਉਸ ਦੇ ਮੋਢੇ ਤੋਂ ਹੁੰਦੀ ਕਮਰ ਨੂੰ ਚੀਰ ਗਈ।"

**ਬੰਦਾ ਬਹਾਦਰ ਤੇ ਵਜ਼ੀਰ ਖਾਂ ਆਹਮੋ-ਸਾਹਮਣੇ** - ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਬੰਦਾ ਬਹਾਦਰ ਅਤੇ ਵਜ਼ੀਰ ਖਾਂ ਦੀ ਆਹਮੋ-ਸਾਹਮਣੇ ਟੱਕਰ ਹੋਈ। ਇਸ ਸਬੰਧ ਵਿਚ ਸਿੱਖਾਂ ਦਾ ਹਰਮਨ-ਪਿਆਰਾ ਅੰਗਰੇਜ਼ ਇਤਿਹਾਸਕਾਰ ਮੈਕਾਲਿਫ਼ ਲਿਖਦਾ ਹੈ - "ਜਦੋਂ ਬਹੁਤ ਸਾਰੇ ਮੁਸਲਮਾਨ ਮਾਰੇ ਗਏ, ਬੰਦਾ ਤੇ ਵਜ਼ੀਰ ਖਾਂ ਆਪਸ ਵਿਚ ਉਲਝੇ।... ਬੰਦੇ ਨੇ ਤਲਵਾਰ ਦੇ ਇਕੋ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ।" 'ਸੂਰਜ ਪ੍ਰਕਾਸ਼' ਨਾਮਕ ਗ੍ਰੰਥ ਦੇ ਲੇਖਕ ਦਾ ਵੀ ਇਹੋ ਵਿਚਾਰ ਹੈ ਕਿ ਵਜ਼ੀਰ ਖਾਂ ਦੀ ਮੌਤ ਬੰਦਾ ਬਹਾਦਰ ਦੇ ਹੱਥੋਂ ਹੋਈ, ਪਰ ਤਲਵਾਰ ਨਾਲ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ੇ ਤੀਰਾਂ ਵਿਚੋਂ ਇਕ ਨਾਲ। ਪ੍ਰਸਿੱਧ ਗ੍ਰੰਥ 'ਮਹਿਮਾ ਪ੍ਰਕਾਸ਼' ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਇਸ ਸਬੰਧ ਵਿਚ ਭਾਈ ਕਰਮ ਸਿੰਘ, ਆਪਣੀ ਪੁਸਤਕ - 'ਬੰਦਾ ਬਹਾਦਰ' ਦੇ ਪੰਨਾ 72 ਉੱਤੇ ਲਿਖਦਾ ਹੈ ਕਿ "ਦੁਵੱਲਿਓਂ ਸੂਰਮੇਂ ਖਟਾ-ਖਟ ਤਲਵਾਰ ਚਲਾ ਰਹੇ ਸਨ ਕਿ ਅਚਨਚੇਤ ਹੀ ਵਜ਼ੀਰ ਖਾਂ ਨੂੰ ਇਕ ਤੀਰ ਜਾ ਲੱਗਾ ਅਤੇ ਉਹ ਧੜਮ ਕਰਕੇ ਘੋੜੇ ਤੋਂ ਜਾ ਡਿੱਗਾ।" ਗਿਆਨੀ ਗਿਆਨ ਸਿੰਘ ਦਾ ਵਿਚਾਰ ਹੈ ਕਿ "ਇਕ ਸਿੰਘ ਦੇ ਤੀਰ ਨਾਲ ਵਜ਼ੀਰ ਖਾਂ ਮਾਰਿਆ ਗਿਆ।... ਫਤਿਹ ਸਿੰਘ ਨੇ ਵਜ਼ੀਰ ਖਾਂ ਦੀ ਲਾਸ਼ ਨੂੰ ਚੁੱਕ ਕੇ ਬੰਦੇ ਕੋਲ ਪਹੁੰਚਾਇਆ।" ਖ਼ੈਰ! ਮੌਤ ਭਾਵੇਂ ਕਿਵੇਂ ਵੀ ਹੋਈ ਹੋਵੇ, ਸਿੱਖਾਂ ਨੇ ਇਸ ਦਾ ਕਰਜ ਵਿਆਜ ਸਮੇਤ ਮੋੜ ਦਿੱਤਾ। (ਕਾਸ਼! ਗੁਰੂ ਸਾਹਿਬ, ਸੂਬੇਦਾਰ ਵਜ਼ੀਰ ਖਾਂ ਦਾ ਅੰਤ ਅਤੇ ਖ਼ਾਲਸੇ ਦੀ ਚੜ੍ਹਤ ਵੇਖ ਸਕਦੇ।) ਵਜ਼ੀਰ ਖਾਂ ਦੀ ਮੌਤ ਨਾਲ ਸ਼ਾਹੀ ਸੈਨਾ ਵਿਚ ਭਗਦੜ ਮਚ ਗਈ ਅਤੇ ਸਿੱਖ ਜਿੱਤ ਦੇ ਝੰਡੇ ਲਹਿਰਾਉਂਦੇ ਸਰਹਿੰਦ ਵੱਲ ਵਧਣ ਲੱਗੇ।

**ਬੰਦਾ ਬਹਾਦਰ ਦਾ ਸਰਹਿੰਦ 'ਤੇ ਕਬਜ਼ਾ** - 14 ਮਈ, 1710 ਈ. ਨੂੰ ਸਿੱਖ, ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖਲ ਹੋਏ। ਸੋਹਣ ਸਿੰਘ ਆਪਣੀ ਪੁਸਤਕ - 'ਬੰਦਾ ਦੀ ਬਰੇਵ' ਦੇ ਪੰਨਾ 84-85 ਉੱਤੇ ਲਿਖਦਾ ਹੈ - "ਵਜ਼ੀਰ ਖਾਂ ਦੀਆਂ ਲੱਤਾਂ ਇਕ ਰੱਸੀ ਨਾਲ ਬੰਨ੍ਹ ਦਿੱਤੀਆਂ ਗਈਆਂ, ਉਸ ਨੂੰ ਸ਼ਹਿਰ ਦੇ ਬਜ਼ਾਰਾਂ ਵਿਚ ਘਸੀਟਿਆ ਗਿਆ ਅਤੇ ਇੰਝ ਕੀਤੇ ਜਾਣ ਮਗਰੋਂ, ਉਸ ਨੂੰ ਇਕ ਦਰੱਖ਼ਤ ਨਾਲ ਬੰਨ੍ਹ ਦਿੱਤਾ ਗਿਆ, ਜਿੱਥੇ ਉਸ ਦੀ ਲਾਸ਼ ਇੱਲਾਂ-ਚੀਲਾਂ ਲਈ ਦਾਅਵਤ ਦੇ ਕੰਮ ਆਈ।" ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਜਾਂ ਕਹਿ ਲਵੋ, ਜਿਵੇਂ ਪ੍ਰਸਿੱਧ ਹੈ, ਬੰਦਾ ਬਹਾਦਰ ਨੇ ਸਰਹਿੰਦ ਦੀ 'ਇੱਟ ਨਾਲ ਇੱਟ ਖੜਕਾ ਦਿੱਤੀ।' ਸੁੱਚਾ ਨੰਦ ਦੀ ਹਵੇਲੀ ਦੀ ਤਬਾਹੀ ਦਾ ਜ਼ਿਕਰ ਕਰਦਿਆਂ ਮੁਹੰਮਦ ਕਾਸਮ ਲਿਖਦਾ ਹੈ - "ਖਾਸ ਕਰਕੇ ਵਜ਼ੀਰ ਖਾਂ ਦੇ ਪੇਸ਼ਕਾਰ ਸੁੱਚਾ ਨੰਦ ਦੀ ਹਵੇਲੀ ਅਤ ਮਾਲ ਦੌਲਤ ਜਿਵੇਂ ਇਸ ਦਿਨ ਲਈ ਹੀ ਬਣੇ ਅਤੇ ਜਮ੍ਹਾਂ ਕੀਤੇ ਹੋਏ ਸਨ ਕਿ ਸਵਰਗਾਂ ਵਰਗੇ ਮਹਿਲ ਕਾਵਾਂ ਦੇ ਅੱਡੇ ਬਣ ਗਏ।" ਲੁੱਟ-ਮਾਰ ਦਾ ਜ਼ਿਕਰ ਕਰਦਿਆਂ ਖਫੀ ਖਾਨ ਲਿਖਦਾ ਹੈ ਕਿ "ਧਨ-ਮਾਲ ਘੋੜੇ, ਹਾਥੀ ਆਦਿ ਬੇਦੀਨਿਆਂ ਦੇ ਹੱਥ ਆਏ।" (ਸਿੱਖ ਇਤਿਹਾਸ ਨੂੰ ਕਲਮਬੰਦ ਕਰਨ ਵੇਲੇ ਬਹੁਤੇ ਮੁਸਲਮਾਨ ਇਤਿਹਾਸਕਾਰਾਂ ਦਾ ਰਵੱਈਆ ਪੱਖਪਾਤੀ ਰਿਹਾ ਹੈ। ਤਾਹੀਉਂ, ਖਫੀ ਖਾਨ ਸਿੱਖਾਂ ਨੂੰ 'ਬੇਦੀਨੇ' ਕਹਿੰਦਾ ਹੈ।) 19ਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ - "ਬੰਦਾ ਹੁਣ ਸਰਹਿੰਦ ਵਿਚ ਦਾਖਲ ਹੋਇਆ ਅਤੇ ਸਾਰੇ ਸ਼ਹਿਰ ਨੂੰ ਜੰਗਲੀ ਅਤੇ ਬਦਲਾ-ਲਊ ਢੰਗ ਨਾਲ ਸਜ਼ਾ ਦਿੱਤੀ।" ਲੁੱਟ-ਮਾਰ ਦੇ ਸੰਬੰਧ ਵਿਚ ਡਾ. ਗੰਡਾ ਸਿੰਘ ਲਿਖਦਾ ਹੈ ਕਿ "ਬੰਦੇ ਦੇ ਹੱਥ ਆਏ ਲੁੱਟ ਦੇ ਮਾਲ ਦੀ ਕੀਮਤ ਦਾ ਅੰਦਾਜ਼ਾ 2 ਕਰੋੜ ਹੋਵੇਗਾ, ਜੋ ਕਿ ਵਜ਼ੀਰ ਖਾਂ ਦੀ ਮਲਕੀਅਤ ਸੀ ਅਤੇ ਕੁਝ ਲੱਖ, ਜੋ ਕਿ ਸੁੱਚਾ ਨੰਦ ਅਤੇ ਦੂਸਰਿਆਂ ਦੀ ਮਲਕੀਅਤ ਸੀ।" (ਸੁੱਚਾ ਨੰਦ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਬਹੁਤ ਹੀ ਭੱਦੀ ਭੂਮਿਕਾ ਨਿਭਾਈ ਸੀ।)

**ਸਿੱਖ ਰਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ** - ਸਰਹਿੰਦ 'ਤੇ ਕਾਬਜ਼ ਹੋਣ ਉਪਰੰਤ ਬੰਦਾ ਬਹਾਦਰ ਨੇ ਆਪਣੇ ਇਕ ਸਿਰਕੱਢ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰ ਨੇ ਸਢੌਰਾ ਅਤੇ ਨਾਹਨ ਵਿਚਕਾਰ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ 'ਲੋਹਗੜ੍ਹ' ਦਾ ਨਾਂ ਦਿੱਤਾ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ਉੱਤੇ ਸਿੱਕਾ ਜਾਰੀ ਕਰਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕੀਤੀ ਅਤੇ ਸੱਤ ਸੌ ਸਾਲ ਤੋਂ ਪਏ ਗ਼ੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿਚ 'ਪਾਲਤੂ' ਬਣ ਗਿਆ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਇਤਿਹਾਸ ਦੀ ਸਿਰਜਣਾ ਕਰਨ ਲੱਗੇ। ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਕ 'ਬਚੂੰਗੜੀ' ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵੇਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿਚ ਆਈ। ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ 'ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ-ਪੱਥਰ ਦੀ ਹੈਸੀਅਤ ਰੱਖਦਾ ਹੈ।

# ਸਚੁ ਸੁਣਾਇਸੀ ਸੱਚ ਕੀ ਬੇਲਾ

ਸੁਰਿੰਦਰ ਸਿੰਘ ਰੂਬੀ
ਸੰਪਾਦਕ

## ਲੁਧਿਆਣਾ ਉੱਪ ਚੋਣ ਵਿਚ ਚੌਥੇ ਨੰਬਰ ਤੇ ਰਹਿ ਸਕਦੈ ਸੁਖਬੀਰ ਦਾ ਅਕਾਲੀ ਦਲ


ਲੁਧਿਆਣਾ ਸ਼ਹਿਰ ਦੇ ਪੱਛਮੀ ਹਲਕੇ ਦੀ ਮੌਜੂਦਾ ਐਮ.ਐਲ.ਏ. ਸ੍ਰੀ ਗੁਰਪ੍ਰੀਤ ਗੋਗੀ ਦੀ ਘਰ ਵਿਚ ਅਚਾਨਕ ਗੋਲੀ ਲੱਗਣ ਨਾਲ ਹੋਈ ਮੌਤ




ਕਾਰਨ ਖਾਲੀ ਹੋਈ ਸੀਟ ਤੇ ਜ਼ਿਮਨੀ ਚੋਣ 19 ਜੂਨ ਨੂੰ ਹੋਣ ਜਾ ਰਹੀ ਹੈ। ਹਾਕਮ ਜਮਾਤ ਆਮ ਆਦਮੀ ਪਾਰਟੀ ਨੇ ਧਨਾਢ ਵਿਉਪਾਰੀ ਤੇ ਮੌਜੂਦਾ ਮੈਂਬਰ ਰਾਜ ਸਭਾ ਸ੍ਰੀ ਸੰਜੀਵ ਅਰੋੜਾ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਕਾਂਗਰਸ ਵੱਲੋਂ ਇਥੋਂ ਦੋ ਵਾਰ ਐਮ.ਐਲ.ਏ. ਰਹਿ ਚੁੱਕੇ ਸ੍ਰੀ ਭਾਰਤ ਭੂਸ਼ਨ ਆਸ਼ੂ ਨੂੰ ਉਮੀਦਵਾਰ ਐਲਾਨਿਆ ਹੈ। ਭਾਜਪਾ ਵੱਲੋਂ ਲੋਕਲ ਨੇਤਾ ਸ੍ਰੀ ਜੀਵਨ ਗੁਪਤਾ ਨੂੰ ਉਮੀਦਵਾਰ ਐਲਾਨਿਆ ਹੈ। ਉਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸਥਾਨਕ ਵਕੀਲ ਪਰਉਪਕਾਰ ਸਿੰਘ ਘੁੰਮਣ ਨੂੰ ਉਮੀਦਵਾਰ ਬਣਾਇਆ ਹੈ। ਸਾਰੀਆਂ ਪਾਰਟੀਆਂ ਆਪੋ ਆਪਣੇ ਉਮੀਦਵਾਰਾਂ ਦੀ ਜਿੱਤ ਲਈ ਜ਼ੋਰ ਲਗਾ ਰਹੀਆਂ ਹਨ। ਆਮ ਆਦਮੀ ਪਾਰਟੀ, ਭਾਜਪਾ ਤੇ ਕਾਂਗਰਸ ਆਪੋ ਆਪਣੀ ਜਿੱਤ ਦੇ ਦਾਅਵੇ ਕਰ ਰਹੀਆਂ ਹਨ। ਉਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਜਿਸ ਦੀ ਲੀਡਰਸ਼ਿਪ ਆਪਣੀਆਂ ਪਿਛਲੀਆਂ ਸਰਕਾਰਾਂ ਦੌਰਾਨ ਹੋਈਆਂ ਗਲਤੀਆਂ ਨੂੰ ਸ੍ਰੀ ਅਕਾਲ ਤਖਤ ਤੇ ਪੇਸ਼ ਹੋ ਕੇ, ਤਨਖਾਹ ਲਗਾ ਕੇ, ਤਨਖਾਹ ਭੁਗਤ ਕੇ, ਫਿਰ ਸ੍ਰੀ ਅਕਾਲ ਤਖ਼ਤ ਤੋਂ ਹੋਏ ਫੈਸਲਿਆਂ ਨੂੰ ਜਾਣ ਬੁੱਝ ਕੇ ਬਾਗ਼ੀ ਹੋ ਕੇ, ਆਪਣੀਆਂ ਸਿਆਣਪਾਂ ਨੂੰ ਸਭ ਤੋਂ ਉੱਪਰ ਦੱਸ ਕੇ ਹਿੱਕ ਦੇ ਜ਼ੋਰ ਨਾਲ ਸਿੱਖ ਸਿਆਸਤ ਵਿਚ ਧੱਕਾ ਚਲਾ ਰਹੀ ਹੈ, ਨੇ ਵੀ ਚੋਣ ਲੜਾਈ ਵਿਚ ਆਪਣਾ ਲੰਗੋਟਾ ਰੱਖ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਹੁਮੱਤ ਪ੍ਰਾਪਤ ਇਸ ਪਾਰਟੀ ਨੇ 2017 ਤੇ 2022 ਦੇ ਵਿਧਾਨ ਸਭਾ ਦੇ ਅਤੇ ਹੁਣ ਤੱਕ ਹੋਈਆਂ ਸਾਰੀਆਂ ਜ਼ਿਮਨੀ ਚੋਣਾਂ ਵਿਚ ਹੋਈਆਂ ਹਾਰਾਂ ਤੋਂ ਸਬਕ ਨਾ ਲੈ ਕੇ ਆਪੇ ਮੈਂ ਰੱਜੀ ਪੁੱਜੀ ਦੀ ਚਾਲ ਚਲਦਿਆਂ ਆਪਣੇ ਚਹੇਤਿਆਂ ਤੋਂ ਪਾਰਟੀ ਦੀ ਭਰਤੀ, ਡੈਲੀਗੇਟਾਂ ਦੀ ਚੋਣ ਅਤੇ ਫਿਰ ਇਕੋ ਇਕ ਉਮੀਦਵਾਰ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਲਈ ਚੋਣ ਕਰ ਲੈਣੀ, ਦਾ ਨਤੀਜਾ ਸਿੱਖ ਪੰਥ ਕਿਸ ਕੋਨੇ ਤੋਂ ਵੇਖਦਾ ਹੈ ਅਤੇ ਫੈਸਲਾ ਲੈਂਦਾ ਹੈ, ਦੀ ਪਹਿਲੀ ਪਰਖ ਇਸ ਚੋਣ ਵਿਚ ਹੋ ਜਾਵੇਗੀ। ਸਰਸਰੀ ਨਿਗਾਹ ਮਾਰਨ ਤੇ ਲੱਗਦਾ ਹੈ ਕਿ ਪਾਰਟੀ ਚੌਥੇ ਨੰਬਰ ਤੇ ਹੀ ਟਿਕੇਗੀ ਬਾਕੀ ਵੇਖੋ ਊਠ ਕਿਸ ਕਰਵਟ ਬੈਠਦਾ ਹੈ।

## ਕੀ ਪਾਕਿਸਤਾਨ ਨੇ ਭਾਰਤ ਦੇ 6 ਰਫਾਲ ਜਹਾਜ਼ ਸੁੱਟੇ ਹਨ

ਭਾਰਤ ਪਾਕਿ ਦੀ ਹੋਈ ਚਾਰ ਦਿਨਾਂ ਦੀ ਜੰਗ ਵਿਚ ਪਾਕਿਸਤਾਨ ਸਰਕਾਰ ਤੇ ਫੌਜ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪਾਕਿ ਨੇ ਭਾਰਤ ਦੇ 6 ਰਫਾਲ ਜਹਾਜ਼ ਸੁੱਟ ਕੇ ਬਰਬਾਦ ਕੀਤੇ ਹਨ। ਭਾਰਤੀ ਹਮਲਿਆਂ ਵਿਚ ਭਾਰਤੀ ਫੌਜ ਵੱਲੋਂ ਪਾਕਿਸਤਾਨ ਵਿਚ 9 ਅੱਤਵਾਦੀ ਟਿਕਾਣਿਆਂ ਨੂੰ ਬੁਰੀ ਤਰ੍ਹਾਂ ਬਰਬਾਦ ਕੀਤਾ ਜਿਸ ਵਿਚ ਮਾਰੇ ਗਏ ਅੱਤਵਾਦੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਆਖਰੀ ਰਸਮ ਅਦਾ ਕਰਦਿਆਂ ਦੀ ਪਾਕਿ ਫੌਜ ਅਤੇ ਸੋਸ਼ਲ ਮੀਡੀਆ ਨੇ ਵੀਡੀਓ ਸਬੂਤ ਜਾਰੀ ਵੀ ਕੀਤੇ ਸਨ। ਭਾਰਤੀ ਅਧਿਕਾਰੀਆਂ



ਨੇ ਦਾਅਵਾ ਕੀਤਾ ਕਿ ਬਿਨਾਂ ਪਾਕਿਸਤਾਨ ਦਾ ਬਾਰਡਰ ਲੰਘਿਆਂ ਹੀ ਭਾਰਤੀ ਹਵਾਈ ਫੌਜ ਨੇ ਲੰਮੀ ਦੂਰੀ ਦੀਆਂ ਮਿਜਾਇਲਾਂ ਵਰਤ ਕੇ ਵੈਰੀ ਦਾ ਇਹ ਨੁਕਸਾਨ ਕੀਤਾ ਸੀ। ਫਿਰ ਦੁਸ਼ਮਣ ਦਾ ਇਹ ਦਾਅਵਾ ਕਿ ਉਸ ਨੇ ਭਾਰਤ ਦੇ 6 ਰਾਫੇਲ ਜਾਂ ਹੋਰ ਲੜਾਕੂ ਜਹਾਜ਼ ਸੁੱਟ ਲਏ ਸਨ, ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਦੂਜੇ ਪਾਸੇ ਭਾਰਤੀ ਅਧਿਕਾਰੀਆਂ ਵੱਲੋਂ ਸਾਰੇ ਹੀ ਭਾਰਤੀ ਪਾਇਲਟ ਸੁਰੱਖਿਅਤ ਹਨ ਦਾ ਦਾਅਵਾ ਵੀ ਕੀਤਾ ਗਿਆ। ਜਾਪਦਾ ਹੈ ਕਿ ਭਾਰਤੀ ਹਕੂਮਤ ਦੀਆਂ ਫੌਜ ਨੂੰ ਦਿੱਤੀਆਂ ਹਦਾਇਤਾਂ ਕਾਰਨ ਕਿ ਕਿਸੇ ਵੀ ਫੌਜੀ ਟਿਕਾਣੇ ਜਾਂ ਸਿਵਲ ਪਬਲਿਕ ਤੇ ਹਮਲਾ ਨਹੀਂ ਕੀਤਾ ਜਾਵੇਗਾ, ਇਹ ਹਮਲਾ ਸਿਰਫ਼ ਤੇ ਸਿਰਫ਼ ਅੱਤਵਾਦੀ ਟਿਕਾਣਿਆਂ ਨੂੰ ਬਰਬਾਦ ਕਰਨ ਲਈ ਹੀ ਹੋਵੇਗਾ, ਦੀ ਪਾਲਣਾ ਹਿੱਤ, ਭਾਰਤੀ ਹਵਾਈ ਫੌਜ ਵੱਲੋਂ ਭਾਰਤ ਦੇ ਬਾਰਡਰਾਂ ਦੇ ਅੰਦਰ ਤੋਂ ਹੀ ਭਾਵੇਂ ਇਹ ਮਿਜਾਇਲਾਂ ਦਾਗ਼ੀਆਂ ਗਈਆਂ ਸਨ ਪਰ ਬਾਰਡਰ ਦੇ ਪਾਰ ਦੁਸ਼ਮਣ ਵੱਲੋਂ ਹਮਲਾਵਰ ਮਿਜਾਇਲਾਂ ਅਤੇ ਰਾਡਾਰਾਂ ਨੂੰ ਬਿਨਾਂ ਛੋੜੇ ਹੀ ਇਹ ਹਮਲਾ ਕੀਤਾ ਗਿਆ ਸੀ। ਹਮਲਾਵਰ ਜਹਾਜ਼ਾਂ ਦੀ ਉਡਾਣ ਦਾ ਦੁਸ਼ਮਣ ਦੇ ਰਾਡਾਰਾਂ ਦੀ ਪਕੜ ਵਿਚ ਆਉਣ ਕਾਰਨ, ਦੁਸ਼ਮਣ ਦੀਆਂ ਮਿਜਾਇਲਾਂ ਇਕ ਦੋ ਜਹਾਜ਼ ਨਾਲ







ਟਕਰਾ ਵੀ ਗਈਆਂ ਹੋਣਗੀਆਂ, ਪ੍ਰੰਤੂ ਛੇ ਹਮਲਾਵਰ ਜਹਾਜ਼ ਸੁਣ ਲੈਣ ਦੀ ਬਾਰਡਰ ਦੇ ਦੋਨਾਂ ਪਾਸਿਆਂ ਤੋਂ ਕੋਈ ਸਬੂਤ ਵਾਲੀ ਵੀਡੀਓ ਜਾਂ ਲੋਕ ਚਰਚਾ ਪ੍ਰਾਪਤ ਨਹੀਂ ਹੋਈ। ਭਾਰਤੀ ਫੌਜ ਵੱਲੋਂ ਦੋ ਦਿਨ ਬਾਅਦ ਪਾਕਿਸਤਾਨ ਦੇ 12 ਹਵਾਈ ਅੱਡਿਆਂ ਤੇ ਤਾਬੜਤੋੜ ਹਮਲਾ ਕਰਕੇ ਉਥੇ ਖੜ੍ਹੇ ਲੜਾਕੂ ਜਹਾਜ਼ਾਂ ਅਤੇ ਹਵਾਈ ਪੱਟੀ ਦਾ ਬਹੁਤ ਨੁਕਸਾਨ ਕੀਤਾ। ਜਾਪਦਾ ਹੈ ਇਸ ਵਾਰ ਇਹ ਹਮਲਾਵਰ ਜਹਾਜ਼ ਦੁਸ਼ਮਣ ਦੀਆਂ ਰਾਡਾਰ ਅਤੇ ਮਿਜ਼ਾਇਲਾਂ ਨੂੰ ਪਹਿਲਾਂ ਚੁੱਪ ਕਰਵਾ ਕੇ ਹੀ ਅੱਗੇ ਵਧੇ ਹੋਣਗੇ। ਭਾਰਤੀ ਲੜਾਕੇ ਜਹਾਜ਼ਾਂ ਦਾ ਕੁੱਝ ਨੁਕਸਾਨ ਭਾਰਤੀ ਹਵਾਈ ਫੌਜ ਦੇ ਬੁਲਾਰੇ ਨੇ ਦੇਸ਼ ਵਿਚ ਅਤੇ ਸੀ.ਡੀ.ਐਸ. ਸ੍ਰੀ ਅਨਿਲ ਚੌਹਾਨ ਨੇ ਸਿੰਘਾਪੁਰ ਵਿਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਮੰਨਿਆ ਵੀ ਹੈ। ਖ਼ੈਰ, ਲੜਾਈ ਲੜੀ ਹੈ ਤਾਂ ਕੁਝ ਨੁਕਸਾਨ ਵੀ ਹੋਣਾ ਲਾਜ਼ਮੀ ਹੈ।

## ਸਿੱਖ ਪੰਥ ਦੀ ਸਿਰਮੌਰ ਸ਼ਖ਼ਸ਼ੀਅਤ ਸਨ ਸੁਖਦੇਵ ਸਿੰਘ ਢੀਂਡਸਾ

ਸ. ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ ਦੀਆਂ ਟਕਸਾਲੀ ਸਫ਼ਾਂ ਵਿਚ ਮੂਹਰਲੀ ਕਤਾਰ ਦੇ ਸੀਨੀਅਰ ਆਗੂ ਸਨ। ਉਨ੍ਹਾਂ ਦਾ ਜਨਮ ਆਮ ਕਿਸਾਨ ਪਰਿਵਾਰ 'ਚ 9 ਅਪ੍ਰੈਲ 1936 ਨੂੰ ਮਾਤਾ ਲਾਭ ਕੌਰ ਦੀ ਕੁੱਖੋਂ ਜਥੇਦਾਰ ਰਤਨ ਸਿੰਘ ਦੇ ਘਰ ਪਿੰਡ ਉੱਭਾਵਾਲ ਵਿਖੇ ਹੋਇਆ। ਮਾਪਿਆਂ ਨੂੰ ਸ਼ੌਂਕ ਸੀ ਉਨ੍ਹਾਂ ਦਾ ਪੁੱਤਰ ਚੰਗੀ ਵਿੱਦਿਆ ਹਾਸਲ ਕਰੇ, ਪਰ ਪਿੰਡ 'ਚ ਸਕੂਲ ਨਹੀਂ ਸੀ। ਉਨ੍ਹਾਂ ਦਾ ਦਾਖਲਾ ਉੱਭਾਵਾਲ ਨੇੜੇ ਪੈਂਦੇ ਪਿੰਡ ਬਦਰੁੱਖਾਂ ਦੇ ਸਰਕਾਰੀ ਮਿਡਲ ਸਕੂਲ 'ਚ ਕਰਵਾ ਦਿੱਤਾ ਗਿਆ ਜਿਥੋਂ ਉਨ੍ਹਾਂ ਮੁੱਢਲੀ ਪੜ੍ਹਾਈ ਸਮਾਪਤ ਕਰਨ ਉਪਰੰਤ ਸੰਗਰੂਰ ਦੇ ਗੁਰੂ ਨਾਨਕ ਹਾਈ ਸਕੂਲ 'ਚ ਦਸਵੀਂ ਜਮਾਤ ਪਾਸ ਕੀਤੀ। ਉਨ੍ਹਾਂ ਉਚੇਰੀ ਸਿੱਖਿਆ ਲਈ ਸਰਕਾਰੀ ਰਣਬੀਰ ਕਾਲਜ ਸੰਗਰੂਰ 'ਚ ਦਾਖ਼ਲਾ ਲਿਆ ਅਤੇ ਇਥੋਂ ਹੀ ਉਨ੍ਹਾਂ ਦੇ



ਸਿਆਸਤਦਾਨ ਬਣਨ ਦਾ ਮੁੱਢ ਬੱਝਿਆ। ਸਟੂਡੈਂਟਸ ਯੂਨੀਅਨ ਦੀ ਚੋਣ ਦੌਰਾਨ ਢੀਂਡਸਾ ਵੀ ਚੋਣ ਮੈਦਾਨ ਵਿਚ ਉਤਰੇ ਅਤੇ ਉਨ੍ਹਾਂ ਆਪਣੀ ਪ੍ਰਭਾਵਸ਼ਾਲੀ ਚੋਣ ਮੁਹਿੰਮ ਨਾਲ ਆਪਣੇ ਵਿਰੋਧੀ ਨੂੰ ਵੱਡੇ ਫਰਕ ਨਾਲ ਹਰਾ ਕੇ ਪ੍ਰਧਾਨਗੀ ਹਾਸਲ ਕੀਤੀ। ਕਾਲਜ ਦੇ ਪੜ੍ਹਾਈ ਸਮਾਪਤ ਕਰਨ ਬਾਅਦ ਉਹ ਆਪਣੇ ਪਿੰਡ ਦੇ ਸਰਪੰਚ ਚੁਣੇ ਗਏ। ਇਥੇ ਵਿਸ਼ੇਸ਼ ਗੱਲ ਇਹ ਰਹੀ ਕਿ ਜ਼ਿਲ੍ਹਾ ਸੰਗਰੂਰ ਦੇ ਸਾਰੇ ਸਰਪੰਚਾਂ 'ਚੋਂ ਛੋਟੀ ਉਮਰ ਦੇ ਸਰਪੰਚ ਢੀਂਡਸਾ ਨੇ ਆਪਣੀ ਸਰਪੰਚੀ ਅਜਿਹੇ ਢੰਗ ਨਾਲ ਕੀਤੀ ਕਿ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਗਿਆ ਕਿ ਸਰਪੰਚੀ ਕੀ ਹੁੰਦੀ ਹੈ। ਪਿੰਡ ਦੇ ਵਿਕਾਸ ਤੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਲਗਾਤਾਰ ਯਤਨ ਕਰਨ ਵਾਲੇ ਢੀਂਡਸਾ ਨੂੰ ਬਲਾਕ ਸੰਮਤੀ ਦਾ ਮੈਂਬਰ ਚੁਣ ਲਿਆ ਗਿਆ ਅਤੇ ਬਾਅਦ ਵਿਚ ਉਹ ਬਲਾਕ ਸੰਮਤੀ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਵੀ ਬਣ ਗਏ। ਉਨ੍ਹਾਂ ਦੇ ਕਦਮ ਲਗਾਤਾਰ ਅੱਗੇ ਵਧਦੇ ਗਏ ਅਤੇ ਉਹ ਸੰਗਰੂਰ ਸੈਂਟਲ ਕੋਆਪਰੇਟਿਵ ਬੈਂਕ ਦੇ ਐਮ.ਡੀ. ਬਣ ਗਏ। ਉਨ੍ਹਾਂ ਦਾ ਵਿਆਹ 1962 ਵਿਚ ਬੀਬੀ ਹਰਜੀਤ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਧੀਆਂ ਮਨਦੀਪ ਕੌਰ, ਰਮਨਦੀਪ ਕੌਰ ਅਤੇ ਸਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਜਨਮ ਲਿਆ। ਘਰ ਵਿਚ ਦੋ-ਦੋ ਵਜ਼ੀਰੀਆ (ਸੁਖਦੇਵ ਸਿੰਘ ਢੀਂਡਸਾ ਕੇਂਦਰੀ ਮੰਤਰੀ ਤੇ ਪਰਮਿੰਦਰ ਸਿੰਘ ਢੀਂਡਸਾ ਪੰਜਾਬ ਦੇ ਮੰਤਰੀ) ਹੋਣ ਦੇ ਬਾਵਜੂਦ ਇਸ ਪਰਿਵਾਰ ਨੇ ਸਦਾ ਹਲੀਮੀ ਤੇ ਨਿਮਰਤਾ ਕਾਇਮ ਰੱਖੀ। ਹਰ ਵਰਕਰ ਦੀ ਗੱਲ ਸੁਣ ਕੇ ਉਸ ਨੂੰ ਹੌਂਸਲਾ ਦੇਣਾ ਇਸ ਪਰਿਵਾਰ ਦੇ ਹਿੱਸੇ ਆਇਆ ਹੈ। ਜਦੋਂ ਹਲਕਾ ਧਨੌਲਾ ਤੋਂ ਆਪ ਨੇ ਵਿਧਾਨ ਸਭਾ ਦੀ ਚੋਣ ਲਈ ਅਕਾਲੀ ਦਲ ਤੋਂ ਟਿਕਟ ਦੀ ਮੰਗ ਕੀਤੀ ਤਾਂ ਉਸ ਸਮੇਂ ਅਕਾਲੀ ਦਲ ਦਾ ਕਮਿਊਨਿਸਟ ਪਾਰਟੀ ਨਾਲ ਗੱਠਜੋੜ ਹੋਣ ਕਰਕੇ ਆਪ ਜੀ ਨੂੰ ਟਿਕਟ ਨਾ ਮਿਲੀ ਕਿਉਂਕਿ ਉਹ ਟਿਕਟ ਕਮਿਊਨਿਸਟ ਪਾਰਟੀ ਨੂੰ ਛੱਡੀ ਹੋਈ ਸੀ। ਪਰ ਆਪ ਨੇ ਆਜ਼ਾਦ ਚੋਣ ਲੜਨ ਦਾ ਫੈਸਲਾ ਕੀਤਾ ਅਤੇ ਲੋਕ ਆਪ ਮੁਹਾਰੇ ਵੀ ਆਪ ਨਾਲ ਜੁੜਦੇ ਗਏ ਅਤੇ ਆਪ ਵੱਡੀ ਲੀਡ ਨਾਲ ਚੋਣ ਜਿੱਤੇ। ਕਾਂਗਰਸ ਵੱਲੋਂ ਗਿਆਨੀ ਜ਼ੈਲ ਸਿੰਘ ਅਤੇ ਅਕਾਲੀ ਦਲ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪ ਜੀ ਨੂੰ ਆਪਣੀ ਪਾਰਟੀ ਵਿਚ ਆਉਣ ਲਈ ਪ੍ਰੇਰਿਆ ਤਾਂ ਆਪ ਜੀ ਨੇ ਅਕਾਲੀ ਦਲ ਨੂੰ ਚੁਣਿਆ, ਕਿਉਂਕਿ ਆਪ ਜੀ ਦੇ ਸੀਨੇ ਵਿਚ ਪੰਥ ਦਾ ਦਿਲ ਧੜਕਦਾ ਸੀ, ਉਨ੍ਹਾਂ ਦੀ ਪੰਥਕ ਸੋਚ, ਪੰਜਾਬੀਅਤ ਦਾ ਜਜ਼ਬਾ ਉਨ੍ਹਾਂ ਨੂੰ ਕਾਂਗਰਸ ਵਿਚ ਜਾਣ ਤੋਂ ਰੋਕਣ ਵਿਚ ਸਫਲ ਰਿਹਾ। ਥੋੜ੍ਹੇ ਸਮੇਂ ਵਿਚ ਦੇਸ਼ ਅੰਦਰ ਐਮਰਜੈਂਸੀ ਲਾਗੂ ਹੋ ਗਈ ਤਾਂ ਅਕਾਲੀ ਦਲ ਨੇ ਇਸ ਦਾ ਜ਼ਬਰਦਸਤ ਵਿਰੋਧ ਸ਼ੁਰੂ ਕਰ ਦਿੱਤਾ। ਜਿਸ ਦੌਰਾਨ ਢੀਂਡਸਾ ਨੂੰ ਗ੍ਰਿਫ਼ਤਾਰ ਕਰਕੇ ਅੰਬਾਲਾ ਜੇਲ੍ਹ ਭੇਜ ਦਿੱਤਾ ਗਿਆ, ਜਿੱਥੇ ਉਹ 19 ਮਹੀਨੇ ਬੰਦ ਰਹੇ।

ਸ. ਢੀਂਡਸਾ ਨੇ ਐਮਰਜੈਂਸੀ ਤੋਂ ਬਾਅਦ ਵਿਧਾਨ ਸਭਾ ਹਲਕਾ ਸੁਨਾਮ ਤੋਂ ਚੋਣ ਲੜੀ ਤੇ ਜਿੱਤੀ, ਉਹ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਵਿਚ ਖੇਡ ਤੇ ਟਰਾਂਸਪੋਰਟ ਮੰਤਰੀ ਬਣ ਗਏ। 1980 ਵਿਚ ਢੀਂਡਸਾ ਜੀ ਨੇ ਵਿਧਾਨ ਸਭਾ ਹਲਕਾ ਸੰਗਰੂਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਚੋਣ ਲੜੀ ਤੇ ਸ਼ਾਨਦਾਰ ਜਿੱਤ ਹਾਸਲ ਕੀਤੀ। ਪਾਣੀਆਂ ਦੇ ਮਸਲੇ ਵਿਚ ਲੱਗੇ ਕਪੂਰੀ ਮੋਰਚੇ ਪਿੱਛੋਂ ਸ਼ੁਰੂ ਹੋਏ ਧਰਮ ਯੁੱਧ ਮੋਰਚੇ ਵਿਚ ਉਨ੍ਹਾਂ ਨੇ ਮੋਹਰੀ ਹੋ ਕੇ ਹਿੱਸਾ ਲਿਆ। ਸੰਤ ਲੌਂਗੋਵਾਲ ਜੋ ਉਸ ਵੇਲੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸਨ, ਉਨ੍ਹਾਂ ਦੇ ਆਦੇਸ਼ ਅਨੁਸਾਰ ਢੀਂਡਸਾ ਵੱਡਾ ਕਾਫਲਾ ਲੈ ਕੇ ਅੰਦੋਲਨ ਵਿਚ ਸ਼ਾਮਲ ਹੋਣ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜਬਲਪੁਰ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। 1985 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਉਹ ਸੁਮਾਨ ਤੋਂ ਵਿਧਾਇਕ ਚੁਣੇ ਗਏ।

ਪੰਜਾਬ ਦੇ ਇਤਿਹਾਸ ਵਿਚ 1984 ਤੋਂ 1996 ਤੱਕ ਦਾ ਦੌਰ ਸਿੱਖ ਕੌਮ ਖਾਸ ਕਰਕੇ ਸਿੱਖ ਨੌਜਵਾਨਾਂ ਵਿਰੁੱਧ ਸਰਕਾਰੀ ਤਸ਼ੱਦਦ ਦੇ ਸਮੇਂ ਵਜੋਂ ਵੇਖਿਆ ਜਾਂਦਾ ਹੈ। ਸ. ਢੀਂਡਸਾ ਨੇ ਕੌਮਾਂਤਰੀ ਪੱਧਰ 'ਤੇ ਸਿੱਖ ਮਸਲੇ ਉਠਾਏ, ਜਮਹੂਰੀ ਅਤੇ ਸ਼ਾਂਤਮਈ ਢੰਗ ਨਾਲ ਹਰ ਮੰਚ 'ਤੇ ਪੰਥਕ ਏਜੰਡਿਆਂ ਨੂੰ ਉਭਾਰਿਆ। ਉਹ ਆਪਣੀ ਲਿਆਕਤ ਤੇ ਸਿਆਸੀ ਸੂਝ ਸਦਕਾ ਅਕਾਲੀ ਦਲ ਵਿਚ ਦੂਸਰੀ ਪੁਜ਼ੀਸ਼ਨ ਵਾਲੇ ਅਹੁਦੇ ਸਕੱਤਰ ਜਨਰਲ 'ਤੇ ਨਿਯੁਕਤ ਹੋਏ।

ਅਕਾਲੀ ਦਲ ਨੇ ਢੀਂਡਸਾ ਜੀ ਦੀ ਸਿਆਣਪ ਨੂੰ ਕਬੂਲ ਕਰਦਿਆਂ ਉਨ੍ਹਾਂ 1 1980, 2004, 2010 ਤੇ 2016 ਵਿਚ ਲੋਕ ਸਭਾ ਤੇ ਰਾਜ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਮੌਕਾ ਦਿੱਤਾ ਅਤੇ ਇਨ੍ਹਾਂ ਨੇ ਪਾਰਟੀ ਦੀਆਂ ਨੀਤੀਆਂ ਨੂੰ ਸੰਜੀਦਗੀ ਨਾਲ ਕਾਇਮ ਰੱਖਿਆ।

ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਵਿਚ ਉਨ੍ਹਾਂ ਨੂੰ ਖਾਦ ਤੇ ਰਸਾਇਣ ਮੰਤਰੀ ਬਣਾਇਆ ਗਿਆ ਅਤੇ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਦੀ ਹਮੇਸ਼ਾ ਸ਼ਲਾਘਾ ਹੁੰਦੀ ਰਹੀ। ਦੇਸ਼ ਦੇ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਪਦਮ ਭੂਸ਼ਣ ਦੇ ਖਿਤਾਬ ਨਾਲ ਸਨਮਾਨਿਤ ਕੀਤਾ। ਪੰਜਾਬ ਵਿਚ ਕਿਸਾਨੀ ਅੰਦੋਲਨ ਸ਼ੁਰੂ ਹੋਣ ਕਰਕੇ ਅਤੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ ਦੇ ਰੋਸ ਵਜੋਂ ਆਪ ਜੀ ਨੇ ਪਦਮ ਭੂਸ਼ਣ ਕਿਤਾਬ ਵੀ ਵਾਪਸ ਕਰ ਦਿੱਤਾ। ਅਸਲ ਵਿਚ ਢੀਂਡਸਾ ਖੁਦ ਕਿਸਾਨੀ ਪਰਿਵਾਰ ਤੋਂ ਸਨ ਅਤੇ ਕਿਸਾਨੀ ਹਿੱਤਾਂ ਪ੍ਰਤੀ ਸੰਜੀਦਾ ਵੀ ਸਨ। ਵੱਖ-ਵੱਖ ਮੁੱਦਿਆਂ 'ਤੇ ਅਕਾਲੀ ਦਲ ਦੀ ਲੀਡਰਸ਼ਿਪ ਨਾਲ ਮਤਭੇਦ ਹੋਣ ਕਾਰਨ ਉਨ੍ਹਾਂ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਅਤੇ ਨਾਲ ਹੀ ਪਾਰਟੀ ਦਾ ਮੁੜ ਤੋਂ ਪੰਥਕ ਅਕਸ ਬਣਾਉਣ ਲਈ ਵੀ ਯਤਨ ਸ਼ੁਰੂ ਕਰ ਦਿੱਤੇ ਸਨ। ਨਤੀਜੇ ਵਜੋਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਹੋਂਦ ਵਿਚ ਆਇਆ ਅਤੇ ਢੀਂਡਸਾ ਇਸ ਦੇ ਪ੍ਰਧਾਨ ਚੁਣੇ ਗਏ।

ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਆਪ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹੇ, ਜਿਸ ਕਰਕੇ ਆਪ ਜੀ ਦੀ ਸਿਹਤ ਵਿਗੜ ਗਈ ਅਤੇ ਆਪ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ। ਅਜਿਹੀ ਵੱਡੀ ਸ਼ਖ਼ਸ਼ੀਅਤ ਨਮਿਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਸਮਾਗਮ 8 ਜੂਨ ਐਤਵਾਰ ਸਵੇਰੇ 11 ਤੋਂ ਦੁਪਹਿਰ 1 ਵਜੇ ਤੱਕ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਹੋਇਆ, ਜਿਥੇ ਵੱਖ-ਵੱਖ ਵਰਗਾਂ ਨਾਲ ਸੰਬੰਧਤ ਆਗੂ ਤੇ ਉਨ੍ਹਾਂ ਦੇ ਪ੍ਰਸ਼ੰਸ਼ਕ ਨੇ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹ ਸਿੱਖ ਰਾਜਨੀਤੀ ਦਾ ਥੰਮ੍ਹ ਸਨ। ਜਿਨ੍ਹਾਂ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਸਾਰਾ ਪੰਥ ਇਕਜੁੱਟ ਹੋਵੇ ਤਾਂ ਕਿ ਪੰਥ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਅੱਗੇ ਵਧੇ। ਇਹੋ ਤਾਂਘ ਦਿਲ ਵਿਚ ਲੈ ਕੇ ਉਹ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋਏ ਹਨ। ਦੇਸ਼ ਤੇ ਪੰਜਾਬ ਦੀ ਸਿਆਸਤ ਵਿਚ ਉਨ੍ਹਾਂ ਵੱਲੋਂ ਅਦਾ ਕੀਤੇ ਗਏ ਰੋਲ ਨੂੰ ਹਮੇਸ਼ਾ ਯਾਦ ਰੱਖਿਆ ਜਾਏਗਾ।

# ਮਈ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ




**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**


ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਮਈ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ. ਸੁਰਜੀਤ ਸਿੰਘ, ਸੀਨੀਅਰ ਮੈਨੇਜਰ ਰਿਟਾਇਰਡ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਮਈ ਮਹੀਨੇ ਦੀ ਕੁੱਲ ਆਮਦਨ - 3,67,175 /-ਰੁਪਏ

ਮਈ ਮਹੀਨੇ ਦਾ ਕੁੱਲ ਖਰਚਾ - 6,95,343 /-ਰੁਪਏ

2. **ਮਈ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 14.05.2025 ਨੂੰ ਜੇਠ ਮਹੀਨੇ ਦੀ ਸੰਗਰਾਂਦ ਬੜੇ ਹੀ ਸ਼ਰਧਾ ਪੂਰਵਕ ਮਨਾਈ ਗਈ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤਾਂ ਨੇ ਭਰਪੂਰ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦਾ ਕੰਮ ਡਾ. ਅਕਸ਼ੇ ਠਾਕੁਰ (M.D.S.) ਬੜੇ ਹੀ ਸੁਚੱਜੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਵੱਡੀ ਗਿਣਤੀ ਦੇ ਵਿੱਚ ਮਰੀਜ਼ ਡੈਂਟਲ ਦੀਆਂ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਬਾਬਾ ਸੰਤ ਪ੍ਰੇਮ ਜੀ ਦੀ ਬਰਸੀ ਦੇ ਸਮਾਗਮ ਬਾਰੇ** - ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 75ਵੀਂ ਬਰਸੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮਿਤੀ 21-06-2025 ਦਿਨ ਸ਼ਨੀਵਾਰ ਨੂੰ ਬੜੀ ਸ਼ਰਧਾਪੂਰਵਕ ਮਨਾਈ ਜਾਵੇਗੀ। ਇਸ ਸੰਬੰਧੀ ਸਮਾਜਿਕ ਅਤੇ ਧਾਰਮਿਕ ਸਖ਼ਸ਼ੀਅਤਾਂ ਗੁਰੂ ਘਰ ਵਿਖੇ ਹਾਜ਼ਰੀ ਭਰਨਗੀਆਂ। ਸਮੂਹ ਮੈਂਬਰਾਨ ਅਤੇ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮਾਗਮ ਵਿਚ ਪਰਿਵਾਰ ਸਮੇਤ ਹਾਜ਼ਰ ਹੋਣ ਦੀ ਕ੍ਰਿਪਾਲਤਾ ਕਰਨ।

5. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਇਸ ਵਿਸ਼ੇ ਦੇ ਸੰਬੰਧ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਕਮੇਟੀ ਦੀ ਤੀਸਰੀ ਮੀਟਿੰਗ ਮਿਤੀ 27.05.2025 ਨੂੰ ਹੋਈ। ਜਿਸ ਵਿਚ ਬਿਨੈ ਪੱਤਰਾਂ ਦੀ ਪੜਤਾਲ ਕੀਤੀ ਗਈ। ਸਾਰੇ ਫ਼ਾਰਮਾਂ ਨੂੰ ਘੋਖਣ ਉਪਰੰਤ ਜਿਹਨਾਂ ਫ਼ਾਰਮਾਂ ਵਿਚ ਦਸਤਾਵੇਜਾਂ ਦੀ ਜੋ ਵੀ ਕਮੀ ਪਾਈ ਗਈ ਸੀ, ਕਮੇਟੀ ਵਲੋਂ ਉਹਨਾਂ ਨੂੰ ਦਸਤਾਵੇਜਾਂ ਨੂੰ ਪੂਰੇ ਕਰਨ ਦੀ ਮੰਗ ਕੀਤੀ ਗਈ ਸੀ। ਅਤੇ ਹੁਣ ਸਾਰੇ ਦਸਤਾਵੇਜ ਪੂਰੇ ਹੋ ਜਾਣ ਉਪਰੰਤ ਤਕਰੀਬਨ 11 ਹੋਰ ਵਿਦਿਆਰਥੀਆਂ ਦੇ ਫ਼ਾਰਮ ਸਕਾਲਰਸ਼ਿਪ ਲਈ ਯੋਗ ਪਾਏ ਗਏ। ਇਸ ਸਕਾਲਰਸ਼ਿਪ ਦੀ ਅਦਾਇਗੀ ਇਸ ਮਹੀਨੇ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿਚ ਕਰ ਦਿੱਤੀ ਜਾਏਗੀ। ਇਸ ਸੰਸਥਾ ਦੇ ਉਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਇਹ ਸਕੀਮ ਨਿਰੰਤਰ ਜਾਰੀ ਰਹੇਗੀ ਅਤੇ ਲੋੜਵੰਦ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿਚ ਬਣਦੀ ਹੋਈ ਮਾਲੀ ਮਦਦ ਕੀਤੀ ਜਾਏਗੀ। ਮਈ ਵਿਚ ਮੈਟ੍ਰਿਕ ਅਤੇ ਬਾਰਵੀਂ ਦੇ ਵਿਦਿਆਰਥੀਆਂ ਦੇ ਰਿਜ਼ਲਟ ਆਉਣ ਉਪਰੰਤ ਸਮੂਹ ਮੈਂਬਰਾਂ ਨੂੰ

ਅਪੀਲ ਕੀਤੀ ਜਾਂਦੀ ਹੈ ਕਿ ਅਗਰ ਕੋਈ ਯੋਗ ਵਿਦਿਆਰਥੀ ਆਪਣੇ ਘਰੇਲੂ ਕਾਰਨਾਂ ਕਰਕੇ ਪੜ੍ਹਾਈ ਜਾਰੀ ਨਹੀਂ ਰੱਖ ਸਕਦਾ ਪਰ ਉਹ ਵਿਦਿਆਰਥੀ ਪੜ੍ਹਨਾ ਚਾਹੁੰਦਾ ਹੈ ਤਾਂ ਅਜਿਹੇ ਵਿਦਿਆਰਥੀਆਂ ਸੰਬੰਧੀ ਜਾਣਕਾਰੀ ਤੁਰੰਤ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਦਿੱਤੀ ਜਾਵੇ ਤਾਂ ਕਿ ਫਾਊਂਡੇਸ਼ਨ ਵੱਲੋਂ ਉਨ੍ਹਾਂ ਦੀ ਨਿਰੰਤਰ ਪੜ੍ਹਾਈ ਦਾ ਪ੍ਰਬੰਧ ਕੀਤਾ ਜਾ ਸਕੇ।

**6. ਜ਼ੋਨਲ ਪਲਾਨ ਦਾ ਏਰੀਆ ਦਰੁਸਤ ਕਰਵਾਉਣ ਸੰਬੰਧੀ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦਾ ਕੁੱਲ ਅਲਾਟਡ ਏਰੀਆ ਅਤੇ ਜ਼ੋਨਲ ਪਲਾਨ ਦੇ ਵਿਚ ਦਰਸਾਏ ਗਏ ਏਰੀਏ ਵਿਚ ਲਗਭਗ 14 ਵਰਗ ਗਜ ਦਾ ਫ਼ਰਕ ਹੈ, ਜਿਸ ਕਾਰਨ ਨਵੇਂ ਬਿਲਡਿੰਗ ਪਲਾਨ ਜਮ੍ਹਾ ਨਹੀਂ ਹੋ ਰਹੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਮੌਜੂਦਾ ਮੈਨੇਜਮੈਂਟ ਵੱਲੋਂ ਜ਼ੋਨਲ ਪਲਾਨ ਨੂੰ ਠੀਕ ਕਰਵਾਉਣ ਸੰਬੰਧੀ ਬਹੁਤ ਹੀ ਸੰਜੀਦਗੀ ਨਾਲ ਕਾਰਵਾਈ ਕੀਤੀ ਰਹੀ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਕੁੱਝ ਹੀ ਹਫ਼ਤਿਆਂ ਦੇ ਵਿਚ ਜ਼ੋਨਲ ਪਲਾਨ ਵਿਚ ਦਰੁਸਤੀ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਨਵੇਂ ਬਿਲਡਿੰਗ ਪਲਾਨ ਨੂੰ ਸਬਮਿਟ ਕਰਨ ਲਈ ਬਾਕੀ ਲੋੜੀਂਦੇ ਦਸਤਾਵੇਜ ਅਸਟੇਟ ਆਫ਼ਿਸ ਚੰਡੀਗੜ੍ਹ ਵੱਲੋਂ ਹਾਸਲ ਕਰ ਲਏ ਗਏ ਹਨ। ਜੋ ਕਿ ਆਪਣੇ ਆਪ ਵਿਚ ਹੀ ਇਕ ਬਹੁਤ ਵੱਡੀ ਉਪਲਬਧੀ ਹੈ ਕਿਉਂਕਿ ਇਹ ਦਸਤਾਵੇਜ ਤਕਰੀਬਨ 1978 ਵਿਚ ਫਾਊਂਡੇਸ਼ਨ ਨੂੰ ਹੋਈ ਅਲਾਟਮੈਂਟ ਨਾਲ ਸੰਬੰਧਤ ਸਨ।

**7. ਐਨ.ਓ.ਸੀ. ਸੰਬੰਧੀ** - ਬਿਲਡਿੰਗ ਸ਼ਾਖਾ, ਚੰਡੀਗੜ੍ਹ ਵੱਲੋਂ ਮਿਤੀ 05 ਮਈ 2025 ਨੂੰ ਐਸ.ਡੀ.ਐਮ., ਈਸਟ, ਅਸਟੇਟ ਆਫ਼ਿਸ ਦੇ ਦਫ਼ਤਰ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਸਨ ਅਤੇ ਇਸ ਸੰਬੰਧ ਵਿਚ ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਜਨਰਲ ਸਕੱਤਰ, ਲੈਕਚਰਾਰ ਗੁਲਸ਼ਨ ਕੁਮਾਰ ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਕਰਨਲ ਗੁਰਦੀਪ ਸਿੰਘ ਵਾਇਸ ਪ੍ਰਧਾਨ (ਹੈ.ਕੁ.) ਪੇਸ਼ ਹੋਏ ਅਤੇ ਭਵਨ ਦਾ ਪੱਖ ਰੱਖਿਆ। ਮਿਤੀ 24.04.2025 ਨੂੰ ਬਿਲਡਿੰਗ ਸ਼ਾਖਾ ਨੇ ਭਵਨ ਦਾ ਸਰਵੇ ਕਰਵਾਇਆ ਅਤੇ ਉਹਨਾਂ ਨੇ ਆਪਣੀ ਰਿਪੋਰਟ ਪੇਸ਼ ਕੀਤੀ ਅਤੇ ਐਸ.ਡੀ.ਐਮ. ਵਲੋਂ ਜ਼ੋਨਲ ਪਲਾਨ ਨੂੰ ਠੀਕ ਕਰਵਾ ਕੇ ਜਲਦੀ ਹੀ ਬਿਲਡਿੰਗ ਪਲਾਨ ਪਾਸ ਕਰਵਾਉਣ ਦੀ ਹਿਦਾਇਤ ਦਿੱਤੀ ਅਤੇ ਅਗਲੀ ਤਰੀਕ 20.07.2025 ਨੂੰ ਦੁਬਾਰਾ ਹਾਜ਼ਰ ਹੋਣ ਦੇ ਹੁਕਮ ਦਿੱਤੇ ਗਏ।

**8. ਏ.ਸੀ. ਪਲਾਂਟ ਦੀ ਮੁਰੰਮਤ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਮੌਜੂਦਾ ਸੈਂਟਰਲ ਏ.ਸੀ. ਪਲਾਂਟ ਨੂੰ ਠੀਕ ਕਰਵਾਉਣ ਲਈ ਪੁਰਜ਼ੋਰ ਯਤਨ ਕੀਤਾ ਜਾ ਰਿਹਾ ਹੈ ਅਤੇ ਜਿਹੜੀ ਕਮੇਟੀ ਏ.ਸੀ. ਪਲਾਂਟ ਦੀ ਮੁਰੰਮਤ ਲਈ ਬਣਾਈ ਗਈ ਹੈ, ਉਸ ਦੇ ਕਨਵੀਨਰ ਇੰਜੀ. ਸ. ਸੁਖਵੰਤ ਸਿੰਘ ਜੀ ਸਾਬਕਾ ਜਨਰਲ ਮੈਨੇਜਰ ਦੱਸਿਆ ਕਿ ਇਕ ਯੂਨਿਟ ਪੂਰੇ ਸਹੀ ਤਰੀਕੇ ਨਾਲ ਕੰਮ ਕਰ ਰਿਹਾ ਹੈ ਅਤੇ ਦੂਸਰੇ ਯੂਨਿਟ ਨੂੰ ਵੀ ਪੂਰਨ ਤੌਰ ਤੇ ਠੀਕ ਕਰਾਉਣ ਲਈ ਯਤਨ ਚੱਲ ਰਹੇ ਹਨ।

**9. ਬਲਾਕ-ਏ ਦੀ ਪਾਰਕਿੰਗ ਨੂੰ ਪੱਕਾ ਕਰਨ ਸੰਬੰਧੀ** - ਅਸਟੇਟ ਆਫ਼ਿਸ ਵੱਲੋਂ ਭਵਨ ਨੂੰ ਕੁੱਝ ਬੇਨਿਯਮੀਆਂ ਕਾਰਨ ਜਾਰੀ ਕੀਤੇ ਗਏ ਨੋਟਿਸ ਦੀ ਪਾਲਣਾ ਕਰਨ ਲਈ ਅਸਟੇਟ ਆਫ਼ਿਸ ਦੇ ਅਧਿਕਾਰੀਆਂ ਵੱਲੋਂ ਬਲਾਕ ਏ ਦੀ ਪਾਰਕਿੰਗ ਨੂੰ ਪੱਕਾ ਕਰਨ ਸੰਬੰਧੀ ਹਦਾਇਤ ਕੀਤੀ ਗਈ ਸੀ ਅਤੇ ਉਸ ਅਨੁਸਾਰ ਹੀ ਇਹ ਕੰਮ ਮੁਕੰਮਲ ਕਰ ਲਿਆ ਗਿਆ ਹੈ। ਜਿਸ 'ਤੇ ਤਕਰੀਬਨ 2,81,000 ਰੁਪਏ ਦਾ ਖਰਚਾ ਆਇਆ ਹੈ।

**ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ ਤੇ ਹੁੰਦਾ ਹੈ।**

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

## ਮਹਾਨ ਵਿਦਿਆਦਾਨੀ ਅਤੇ ਸਿੱਖੀ ਦੇ ਬੇਜੋੜ ਥੰਮ



ਮਹਾਨ ਪੁਰਸ਼, ਬਾਲ ਬ੍ਰਹਮਚਾਰੀ, ਰਾਜਯੋਗੀ, ਵਿਦਿਆਦਾਨੀ, ਬ੍ਰਹਮਗਿਆਨੀ ਲੁਬਾਣਾ ਕੌਮ ਦੇ ਮਹਾਨ ਰਹਿਬਰ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਜਨਮ 1939 ਬਿਕਰਮੀ ਸੰਮਤ, ਸੰਨ 1882 ਵਿਚ ਕੱਤਕ ਦੀ ਸੰਗਰਾਂਦ ਵਾਲੇ ਦਿਨ ਮਾਤਾ ਨਿਹਾਲ ਕੌਰ ਦੀ ਕੁਖੋਂ ਪਿਤਾ ਵਸਾਵਾ ਸਿੰਘ ਦੇ ਘਰ ਪਿੰਡ ਖੋੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਚ ਹੋਇਆ। ਅਜੇ ਆਪ ਜੀ ਬਹੁਤ ਛੋਟੀ ਆਯੂ ਦੇ ਸਨ ਕਿ ਮਾਤਾ ਜੀ ਚਲਾਣਾ ਕਰ ਗਏ। ਪਿਤਾ ਵਸਾਵਾ ਸਿੰਘ ਜੀ ਨੇ ਦੂਜੀ ਸ਼ਾਦੀ ਕਰ ਲਈ। ਆਪ ਜੀ ਦੀ ਪਾਲਣਾ ਪੋਸ਼ਣਾ ਮੁੱਖ ਤੌਰ 'ਤੇ ਆਪ ਜੀ ਦੇ ਦਾਦਾ ਸ. ਅਰੂੜ ਸਿੰਘ ਜੀ ਨੇ ਕੀਤੀ। ਦਾਦਾ ਅਰੂੜ ਸਿੰਘ ਖੁਦ ਗੁਰੂ ਘਰ ਦੇ ਅਨਿਨ ਸ਼ਰਧਾਲੂ, ਗੁਰਮਤਿ ਦੇ ਗਿਆਨੀ ਅਤੇ ਗੁਰਬਾਣੀ ਦੇ ਅਭਿਆਸੀ ਸਨ। ਬਾਲਕ ਪ੍ਰੇਮ ਸਿੰਘ ਨੇ ਦਾਦਾ ਅਰੂੜ ਸਿੰਘ ਦੀ ਛਤਰ ਛਾਇਆ ਹੇਠ ਗੁਰਮੁਖੀ ਅਤੇ ਗੁਰਬਾਣੀ ਦੀ ਸੋਝੀ ਪਾਈ। ਬਚਪਨ ਵਿਚ ਹੀ ਸਾਧੂ ਸੁਭਾਅ, ਨਿਰਮਲ ਸੋਚ ਅਤੇ ਗੁਰਬਾਣੀ ਪ੍ਰਤੀ ਲਗਨ ਨੂੰ ਦਾਦਾ ਅਰੂੜ ਸਿੰਘ ਜੀ ਦੀ ਅੱਖ ਨੇ ਪਛਾਣ ਲਿਆ ਅਤੇ ਹਰ ਵੇਲੇ ਲੋਕ ਸੇਵਾ ਤੇ ਗੁਰੂ ਮੱਤ ਦੇ ਧਾਰਨੀ ਬਾਲਕ ਪ੍ਰੇਮ ਸਿੰਘ ਨੂੰ ਮੁਰਾਲੇ ਵਿਖੇ ਸੰਤ ਬਿਸ਼ਨ ਸਿੰਘ ਜੀ ਦੇ ਡੇਰੇ ਛੱਡ ਆਏ।

ਮੁਰਾਲੇ ਪਹੁੰਚ ਕੇ ਬਾਲਕ ਪ੍ਰੇਮ ਸਿੰਘ ਨੂੰ ਉਨ੍ਹਾਂ ਦੀ ਗੁਰੂ ਨਾਮ ਦੀ ਭੁੱਖ ਅਤੇ ਸੰਗਤ ਦੀ ਸੇਵਾ ਕਰਨ ਦੇ ਸੁਭਾਅ ਨੂੰ ਜਿਵੇਂ ਸਭ ਕੁਝ ਹੀ ਪ੍ਰਾਪਤ ਹੋ ਗਿਆ ਹੋਵੇ। ਡੇਰੇ ਵਿਚ ਲੰਗਰ ਤਿਆਰ ਕਰਵਾਉਣਾ, ਜੂਠੇ ਬਰਤਨ ਸਾਫ਼ ਕਰਨੇ, ਸੰਤ ਮਹਾਂਪੁਰਸ਼ਾਂ ਨੂੰ ਇਸ਼ਨਾਨ ਕਰਵਾਉਣਾ ਹਰ ਵੇਲੇ ਨਾਮ ਸਿਮਰਨ ਕਰਨਾ ਹੀ ਉਨ੍ਹਾਂ ਦਾ ਰੋਜ਼ਾਨਾ ਦਾ ਕਾਜ ਵਿਹਾਰ ਬਣ ਗਿਆ ਸੀ। ਸਿਮਰਨ ਕਰਦੇ ਪ੍ਰਮਾਤਮਾ ਨਾਲ ਇਕਮਿਕ ਹੋ ਜਾਣਾ ਤੇ ਲੰਗਰ ਲਈ ਆਟਾ ਤਿਆਰ ਕਰਨ ਵਾਲੀ ਚੱਕੀ ਆਪਣੇ ਆਪ ਚਲਦੀ ਜਾਣੀ ਦੇ ਕੌਤਿਕ ਸੰਤ ਬਿਸ਼ਨ ਸਿੰਘ ਜੀ ਨੇ ਆਪ ਤੱਕਣੇ ਅਤੇ ਆਪਣੀ ਬਜ਼ੁਰਗ ਅਵਸਥਾ ਵਿਚ ਡੇਰੇ ਦੀ ਸੇਵਾ ਦਾ ਕਾਰਜ ਬਾਲਕ ਪ੍ਰੇਮ ਸਿੰਘ ਨੂੰ ਸੌਂਪ ਕੇ ਸੰਤ ਪ੍ਰੇਮ ਸਿੰਘ ਬਨਾਉਣਾ, ਪਰਮ ਪਿਤਾ ਪ੍ਰਮਾਤਮਾ ਦੀ ਬਖਸ਼ਿਸ਼ ਨੂੰ ਸੰਪੂਰਨ ਰੂਪ ਦੇਣਾ ਹੀ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਸੰਤ ਬਿਸ਼ਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਪ੍ਰੇਮ ਸਿੰਘ ਜੀ ਨੇ ਡੇਰਾ ਮੁਰਾਲੇ ਦੀ ਸੇਵਾ ਸੰਭਾਲਦਿਆਂ ਸਿੱਖੀ ਦੀ ਪ੍ਰਫੁੱਲਤਾ ਵੱਲ ਵਿਸ਼ੇਸ਼ ਧਿਆਨ ਦਿੱਤਾ। ਡੇਰੇ ਵਿਚ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਸੰਤ ਬਾਬਾ ਭਾਗ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ ਤੋਂ ਇਲਾਵਾ ਕਈ ਹੋਰ ਮਹਾਂਪੁਰਸ਼ ਆਪ ਜੀ ਦੇ ਗੁਰ ਭਾਈ ਸਨ। ਸੰਤ ਪ੍ਰੇਮ ਸਿੰਘ ਜੀ ਨੇ ਬਹੁਤ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਉਣ ਦਾ ਬੀੜਾ ਉਠਾਇਆ। ਲੁਬਾਣਾ ਬਰਾਦਰੀ ਵਿਚ ਕਈ ਥਾਈਂ ਹੁੱਕਾ ਪੀਣ ਦਾ ਰਿਵਾਜ਼ ਸੀ, ਲੋਕਾਂ ਦਾ ਪਹਿਰਾਵਾ ਗੁਰਸਿੱਖਾਂ ਦੇ ਪਹਿਰਾਵੇ ਤੋਂ ਬਿਲਕੁਲ ਉਲਟ ਸੀ। ਔਰਤਾਂ ਸ਼ਿਕਲੀਗਰ ਔਰਤਾਂ ਵਾਂਗ ਘੱਗਰੇ ਪਾਉਂਦੀਆਂ ਸਨ। ਸੰਤ ਪ੍ਰੇਮ ਸਿੰਘ ਜੀ ਨੇ ਲੁਬਾਣਾ ਬਰਾਦਰੀ ਦੇ ਪਿੰਡਾਂ ਵਿਚ ਵੱਡੇ ਪੱਧਰ ਤੇ ਅੰਮ੍ਰਿਤਪਾਨ ਕਰਵਾਇਆ। ਲੋਕਾਂ ਦੇ ਪਹਿਰਾਵੇ ਨੂੰ ਬਦਲਵਾਇਆ। ਜਿਸ ਪਿੰਡ ਵੀ ਜਾਂਦੇ ਅੰਮ੍ਰਿਤ ਤਿਆਰ ਕਰਵਾਇਆ ਜਾਂਦਾ ਅਤੇ ਸੰਤ ਮਹਾਰਾਜ ਦੀ ਪ੍ਰੇਰਨਾ ਸਦਕਾ ਸਾਰੇ ਦਾ ਸਾਰਾ ਨਗਰ ਹੀ ਅੰਮ੍ਰਿਤ ਛਕ ਕੇ ਸਿੱਖੀ ਵਿਚ ਪ੍ਰਵੇਸ਼ ਕਰਦਾ। ਸੰਤ ਮਹਾਰਾਜ ਦੀ ਦੀ ਸਿੱਖੀ ਨੂੰ ਇਹ ਦੇਣ ਦਾ ਕੋਈ ਸਾਨੀ ਨਹੀਂ ਹੈ। ਸਾਰੀ ਦੀ ਸਾਰੀ ਲੁਬਾਣਾ ਬਰਾਦਰੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲਾਉਣਾ। ਸਿੱਖੀ ਅਸੂਲਾਂ ਅਤੇ ਸਿੱਖ ਰਹਿਤ ਮਰਿਆਦਾ ਨੂੰ ਪੂਰੀ ਤਰ੍ਹਾਂ ਲਾਗੂ ਕਰਵਾ ਕੇ ਸਮਾਜ ਵਿਚੋਂ ਕੁਰੀਤੀਆਂ ਖਤਮ ਕਰਨ ਦੇ ਯਤਨ ਕਰਕੇ ਸਾਰੀ ਬਰਾਦਰੀ ਨੂੰ ਗੁਰੂ ਆਸ਼ੇ ਅਤੇ ਗੁਰੂ ਮੱਤ ਅਨੁਸਾਰ ਚੱਲਣ ਦੀ ਪ੍ਰੇਰਨਾ ਦੇਣ ਕਾਰਨ ਜੇਕਰ ਸੰਤ ਪ੍ਰੇਮ ਸਿੰਘ ਜੀ ਨੂੰ ਸਿੱਖੀ ਦਾ ਮਹਾਨ ਥੰਮ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੈ।

ਮਹਾਨ ਪਰਉਪਕਾਰੀ ਸੰਤ ਪ੍ਰੇਮ ਸਿੰਘ ਜੀ ਨੇ ਜਿਥੇ ਲੁਬਾਣਾ ਬਰਾਦਰੀ ਦਾ ਧਾਰਮਿਕ ਅਧਿਆਤਮਕ ਅਤੇ ਸੱਭਿਆਚਾਰਕ ਪੱਧਰ ਉਚਾ ਕੀਤਾ ਉਥੇ ਉਨ੍ਹਾਂ ਨੂੰ ਇਸ ਬਰਾਦਰੀ ਦਾ ਆਰਥਿਕ ਪੱਧਰ ਅਤੇ ਆਉਣ ਵਾਲੇ ਸਮੇਂ ਵਿਚ ਸਮਾਜਿਕ ਰੁੱਤਬਾ ਉਚਾ ਚੁੱਕਣ ਦਾ ਫਿਕਰ ਵੀ ਬਰਾਬਰ ਸੀ। ਸੰਤ ਜੀ ਨੇ ਇਸ ਕਾਰਜ ਲਈ ਕਈ ਪੱਖਾਂ ਤੋਂ ਜ਼ਰੂਰ ਵਿਚਾਰ ਕੀਤਾ ਹੋਵੇਗਾ। ਆਪ ਜੀ ਦੀ ਉਚੀ ਅਧਿਆਤਮਕ ਪੱਧਰ ਦੀ ਸੋਚ, ਸਮਾਜਿਕ ਕਦਰਾਂ ਕੀਮਤਾਂ ਅਤੇ ਦੁਨਿਆਵੀ ਤਜ਼ਰਬੇ ਤੋਂ ਉਹਨਾਂ ਇਹ

ਨਤੀਜਾ ਕੱਢਿਆ ਕਿ ਬਰਾਦਰੀ ਦੇ ਬੱਚਿਆਂ ਨੂੰ ਵਿੱਦਿਆ ਗ੍ਰਹਿਣ ਕਰਵਾਈ ਜਾਵੇ। ਵਿੱਦਿਆ ਲਈ ਵਿਦਿਆ ਮੰਦਰ ਖੋਹਲੇ ਜਾਣ ਤਾਂ ਪੜ੍ਹ ਲਿਖ ਕੇ ਆਉਣ ਵਾਲੇ ਸਮੇਂ ਵਿਚ ਬਰਾਦਰੀ ਆਪਣਾ ਆਰਥਿਕ ਤੇ ਸਮਾਜਿਕ ਪੱਧਰ ਆਪਣੇ ਆਪ ਉਚਾ ਕਰ ਲਵੇਗੀ। ਬਹੁਤ ਦੂਰਅੰਦੇਸ਼ੀ ਤੇ ਕਰਾਮਾਤੀ ਸੋਚ ਸੀ। ਸੋਚੋ, ਜੋ ਪੁਰਖ ਆਪ ਕਦੀ ਵੀ ਦੁਨਿਆਵੀ ਪੜ੍ਹਾਈ ਕਰਨ ਲਈ ਕਿਸੇ ਸਕੂਲ ਨਹੀਂ ਗਿਆ, ਉਹ ਵੀ ਅੰਗਰੇਜ਼ ਦੇ ਰਾਜ ਭਾਗ ਵਿਚ, ਜਿਸ ਦੀ ਸੋਚ ਨੂੰ ਹਿੰਦੁਸਤਾਨੀਆਂ ਦੀ ਅਕਲੀ ਬਡੋਤਰੀ ਕਿਸੇ ਤਰ੍ਹਾਂ ਵੀ ਰਾਸ ਨਹੀਂ ਆਉਂਦੀ ਸੀ। ਉਸ ਵੇਲੇ ਇਹ ਸੋਚ ਸੋਚਣੀ ਤੇ ਉਸ ਉਤੇ ਠੋਕ ਕੇ ਪਹਿਰਾ ਦੇਣਾ ਅਤੇ ਪੂਰੀ ਕਰਕੇ ਵਿਖਾਉਣੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੋ ਸਕਦੀ। ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਦੇ ਪਿੰਡਾਂ ਵਿਚ ਹੇਠ ਲਿਖੇ ਅਨੁਸਾਰ ਚਾਰ ਹਾਈ ਸਕੂਲ ਖੋਹਲੇ।

1. ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਟਾਂਡਾ ਜ਼ਿਲ੍ਹਾ ਗੁਜਰਾਤ
2. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬਾਬਕਵਾਲ ਜ਼ਿਲ੍ਹਾ ਸ਼ੇਖੂਪੁਰਾ
3. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਖੜੀ ਦੁੱਨਾ ਸਿੰਘ ਜ਼ਿਲ੍ਹਾ ਗੁਜਰਾਤ
4. ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ

ਦੇਸ਼ ਦੀ ਵੰਡ ਤੋਂ ਬਾਅਦ ਪਹਿਲੇ ਤਿੰਨ ਸਕੂਲ ਕਰਮਵਾਰ ਮਿਆਣੀ ਅਫਗਾਨਾ, ਮੁਕੇਰੀਆਂ ਅਤੇ ਬੇਗੋਵਾਲ ਵਿਚ ਤਬਦੀਲ ਹੋ ਗਏ ਸਨ ਜੋ ਅੱਜ ਵੀ ਬਰਾਦਰੀ ਦੀ ਸੇਵਾ ਕਰ ਰਹੇ ਹਨ।

ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਮਿਡਲ ਅਤੇ ਪ੍ਰਾਇਮਰੀ ਸਕੂਲ ਵੀ ਖੋਹਲੇ। ਇਹ ਸਕੂਲ ਬਰਾਦਰੀ ਦੇ ਲੋਕਾਂ ਦੇ ਦਾਨ ਨਾਲ ਚਲਦੇ ਸਨ। ਸੰਤ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਦਾਨ ਦੀ ਕੋਈ ਕਮੀ ਨਹੀਂ ਸੀ ਰਹਿੰਦੀ। ਇਹ ਸਕੂਲ ਅੱਜ ਦੇ ਸੰਤ ਸਾਧਾਂ ਦੇ ਮੁਨਾਫ਼ੇ ਲਈ ਚਲਾਏ ਸਕੂਲਾਂ ਵਾਂਗ ਨਹੀਂ ਸਨ। ਬਰਾਦਰੀ ਦੀ ਨਵੀਂ ਪੀੜ੍ਹੀ ਨੂੰ ਵਿੱਦਿਆ ਦੇ ਕੇ ਸਮੁੱਚੀ ਬਰਾਦਰੀ ਨੂੰ ਉਚਾ ਚੁੱਕਣ ਦੀ ਪਵਿੱਤਰ ਸੋਚ ਨਾਲ ਲਬਰੇਜ ਭਾਵਨਾ ਨਾਲ ਇਹ ਬੀੜਾ ਚੁੱਕਿਆ ਗਿਆ ਸੀ। ਜਿਸ ਦਾ ਬਰਾਦਰੀ ਨੂੰ ਬਹੁਤ ਫਾਇਦਾ ਹੋਇਆ।

ਸਮਾਜ ਨੂੰ ਧਾਰਮਿਕ, ਵਿੱਦਿਅਕ ਅਤੇ ਸੱਭਿਆਚਾਰਕ ਸੇਧ ਦੇਣ ਦੇ ਨਾਲ-ਨਾਲ ਸੰਤ ਪ੍ਰੇਮ ਸਿੰਘ ਜੀ ਨੇ ਬਰਾਦਰੀ ਸਮੇਤ ਸਮੁੱਚੇ ਸਿੱਖ ਜਗਤ ਵਿਚੋਂ ਸਮਾਜਿਕ ਕੁਰੀਤੀਆਂ ਦੂਰ ਕਰਨ ਦਾ ਬੀੜਾ ਚੁੱਕਿਆ। ਬਰਾਦਰੀ ਦੇ ਮੁੱਖ ਪਿੰਡਾਂ ਵਿਚ ਵਿਹਾਰ ਸੁਧਾਰ ਕਾਨਫਰੰਸਾਂ ਕੀਤੀਆਂ ਗਈਆਂ। ਵਿਆਹਾਂ ਵਿਚ ਨਜਾਇਜ਼ ਖਰਚੇ, ਬਰਾਤ ਠਹਿਰਨ ਦੇ ਦਿਨਾਂ ਤੇ ਪਾਬੰਦੀ, ਦਹੇਜ ਤੇ ਪਾਬੰਦੀ, ਮਰਨੇ 'ਤੇ ਇੱਕਠ ਕਰਨ ਦੀ ਮਨਾਹੀ ਆਦਿ ਲਈ ਲੋਕਾਂ ਨੂੰ ਪ੍ਰੇਰਿਆ ਗਿਆ।

ਸਿੱਖ ਧਰਮ ਨੂੰ ਵਡਮੁਲੀਆਂ ਦੇਣਾਂ ਦੇਣ ਕਾਰਨ, ਸੰਨ 1936 ਵਿਚ ਆਪ ਜੀ ਨੂੰ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਾਇਆ ਗਿਆ ਅਤੇ ਆਪ ਆਪਣੀ ਸਾਰੀ ਜ਼ਿੰਦਗੀ ਸਿੱਖਾਂ ਦੀ ਮਹਾਨ ਸੰਸਥਾ ਦੇ ਮੈਂਬਰ ਰਹੇ। ਕਾਰਜਕਾਰਨੀ ਮੈਂਬਰ ਵੀ ਰਹੇ। ਸਿੱਖ ਰਹਿਤ ਮਰਿਆਦਾ ਕਮੇਟੀ ਦੇ ਵੀ ਆਪ ਮੈਂਬਰ ਸਨ। ਆਪ ਜੀ ਨੇ ਹਰਿਮੰਦਰ ਸਾਹਿਬ ਦੇ ਲਹਿੰਦੇ ਪਾਸੇ ਦੇ ਪੱਖ ਦੀ ਸੇਵਾ ਵੀ ਕਰਵਾਈ। ਡੇਰਾ ਮੁਰਾਲਾ ਸਾਹਿਬ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਈ ਇਸ ਸੇਵਾ ਦਾ ਨਿਸ਼ਾਨ ਪੱਥਰ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਹਰ ਕੀ ਪੌੜੀ ਦੀ ਲਹਿੰਦੇ ਪਾਸੇ ਦੀ ਦੀਵਾਰ ਦੇ ਬਾਹਰਵਾਰ ਲੱਗਾ ਹੋਇਆ ਹੈ।

ਬਰਾਦਰੀ ਦਾ ਕੋਈ ਵੀ ਸ਼ਖ਼ਸ ਜਦ ਉਸ ਨੂੰ ਵੇਖਦਾ ਪੜ੍ਹਦਾ ਹੈ ਤਾਂ ਧੰਨ



ਧੰਨ ਸੰਤ ਪ੍ਰੇਮ ਸਿੰਘ ਕਹਿ ਕੇ ਮਾਣ ਜਿਹਾ ਮਹਿਸੂਸ ਕਰਦਾ ਹੈ। ਆਪ ਜੀ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਰਹੇ। ਬਜ਼ੁਰਗ ਦੱਸਦੇ ਹਨ ਕਿ ਵੋਟਾਂ ਵਾਲੇ ਬਕਸਿਆਂ ਵਿਚੋਂ ਵੋਟ ਦੇ ਨਾਲ ਨੱਥੀ ਕੀਤੇ ਨੋਟ ਵੀ ਨਿਕਲਦੇ ਸਨ ਜੋ ਸੰਗਤ ਦੀ ਆਪ ਜੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਦਾ ਸਬੂਤ ਸੀ। ਬਹੁਤ ਹੀ ਨਿਮਰਤਾ ਅਤੇ ਘੱਟ ਬੋਲਣ ਵਾਲੇ ਸੰਤ ਪ੍ਰੇਮ ਸਿੰਘ ਜੀ ਬੜੀ ਵਿਸ਼ਾਲ ਅਤੇ ਠੋਸ ਸੋਚ ਦੇ ਮਾਲਕ ਸਨ। ਦੇਸ਼ ਦੀ ਵੰਡ ਤੋਂ ਬਾਅਦ ਲੁਬਾਣਾ ਬਰਾਦਰੀ ਦੇ ਭਵਿੱਖ ਦੀ ਫ਼ਿਕਰ ਕਰਦੇ ਹੋਏ ਫੈਸਲਾ ਕੀਤਾ ਕਿ ਸਾਰੀ ਬਰਾਦਰੀ ਨੂੰ ਇਕੋ ਇਲਾਕੇ ਵਿਚ ਇਕੱਠਾ ਬਿਠਾਇਆ ਜਾਵੇ। ਸੋਚ ਸਮਾਜਿਕ ਅਤੇ ਰਾਜਨੀਤਕ ਵੀ ਸੀ। ਬਰਾਦਰੀ ਦੇ ਲੋਕਾਂ ਵੱਲੋਂ ਆਪਸੀ ਵਿਆਹ ਸ਼ਾਦੀਆਂ ਦੇ ਰਿਸ਼ਤੇ ਨੇੜੇ ਹੀ ਹੋ ਜਾਣਗੇ। ਦੂਰ-ਦੁਰਾਡੇ ਦੇ ਫਾਲਤੂ ਖਰਚ ਨਹੀਂ ਉਠਾਉਣੇ ਪੈਣਗੇ। ਰਾਜਨੀਤਕ ਪਿੜ ਵਿਚ ਵੀ ਆਪਣਾ ਕੋਈ ਨੁਮਾਇੰਦਾ ਚੁਣ ਲਿਆ ਕਰਨਗੇ। ਗਿਆਨੀ ਹਰਚਰਨ ਸਿੰਘ ਜੀ ਨੰਗਲ ਲੁਬਾਣੇ ਵਾਲੇ ਜੋ ਸੰਤ ਮਹਾਰਾਜ ਦੇ ਬਹੁਤ ਨਿਕਟਵਰਤੀ ਸਨ, ਦੀ ਸਲਾਹ ਦਾ ਵੀ ਅਸਰ ਸੀ ਕਿ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਜਿੱਥੇ ਲੁਬਾਣਾ ਬਰਾਦਰੀ ਦੇ ਪਹਿਲੇ ਹੀ ਕਾਫੀ ਪਿੰਡ ਹਨ। ਇਸ ਲਈ ਸੰਤ ਮਹਾਰਾਜ ਇਸ ਇਲਾਕੇ ਵਿਚ ਹੀ ਬਰਾਦਰੀ ਨੂੰ ਇੱਕਠੇ ਬਿਠਾਉਣ ਦਾ ਫੈਸਲਾ ਕਰਨ। ਇਲਾਕੇ ਵਿਚੋਂ ਮੁਸਲਮਾਨਾਂ ਦੇ ਕਾਫੀ ਪਿੰਡ ਖਾਲੀ ਹੋ ਰਹੇ ਸਨ। ਸੰਤ ਮਹਾਰਾਜ ਨੇ ਬਰਾਦਰੀ ਨੂੰ ਇਥੇ ਬਿਠਾਉਣ ਦਾ ਫੈਸਲਾ ਕਰ ਲਿਆ। ਸੰਤਾਂ ਨੇ ਖੁਦ ਬੇਗੋਵਾਲ ਡੇਰੇ ਲਾ ਲਏ। ਸਭ ਪਾਸੇ ਇਸ ਇਲਾਕੇ ਵਿਚ ਬੈਠਣ ਦੇ ਸੁਨੇਹੇ ਭੇਜੇ ਗਏ। ਸ. ਈਸ਼ਰ ਸਿੰਘ ਮਢੈਲ ਮੁੜ ਵਸਾਊ ਮਹਿਕਮੇ ਦੇ ਵਜ਼ੀਰ ਸਨ। ਸੰਤ ਮਹਾਰਾਜ ਨੇ ਉਨ੍ਹਾਂ ਨੂੰ ਕਹਿ ਕੇ ਕਪੂਰਥਲੇ ਜ਼ਿਲ੍ਹੇ ਦੀ ਭੁਲੱਥ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਇਲਾਕਾ ਲੁਬਾਣਾ ਬਰਾਦਰੀ ਦੇ ਲੋਕਾਂ ਨੂੰ ਵਸਾਉਣ ਲਈ ਰੱਖਵਾ ਲਿਆ। ਸੰਤਾਂ ਦੇ ਸੁਨੇਹੇ ਨੂੰ ਹੁਕਮ ਮੰਨਦੇ ਹੋਏ ਬਰਾਦਰੀ ਦੇ ਲੋਕ ਮੁਕੇਰੀਆਂ ਤੋਂ ਸੁਭਾਨਪੁਰ ਤੱਕ ਦੇ ਪਿੰਡਾਂ ਵਿਚ ਬੈਠਣੇ ਸ਼ੁਰੂ ਹੋ ਗਏ। ਤਹਿਸੀਲ ਭੁਲੱਥ ਅਤੇ ਦਸੂਹਾ ਦਾ ਇਲਾਕਾ ਦਰਿਆ ਬਿਆਸ ਦੀ ਮਾਰ ਹੇਠ ਸੀ, ਜ਼ਮੀਨ ਕੁਝ ਕਲਰਾਠੀ ਦੇ ਕੁਝ ਛੋਟੀਆਂ-ਛੋਟੀਆਂ ਕਿੱਕਰਾਂ ਝਾੜੀਆਂ ਨਾਲ ਭਰੀ ਬੇਅਬਾਦ ਸੀ। ਸੰਗਤਾਂ ਨੇ ਖਦਸ਼ੇ ਵੀ ਜ਼ਾਹਰ ਕੀਤੇ ਪ੍ਰੰਤੂ ਸੰਤ ਮਹਾਰਾਜ ਜੀ ਜਵਾਬ ਵਿਚ ਕਹਿੰਦੇ ਸਨ ਤੁਸੀਂ ਦੇਖਿਓ ਇਹੀ ਜ਼ਮੀਨਾਂ ਸੋਨਾ ਉਗਲਣਗੀਆਂ ਅਤੇ ਇਥੇ ਸੜਕਾਂ ਦੇ ਜਾਲ ਵਿਛਣਗੇ। ਤੁਸੀਂ ਇਥੇ ਹੀ ਬਹੁਤ ਤਰੱਕੀਆਂ ਕਰੋਗੇ। ਸੰਤਾਂ ਉਤੇ ਅਥਾਹ ਭਰੋਸੇ ਨਾਲ ਬਰਾਦਰੀ ਦੇ ਲੋਕਾਂ ਵੱਲੋਂ ਜ਼ਮੀਨਾਂ ਅਬਾਦ ਕਰਨ ਦੀ ਅਣਥੱਕ ਮਿਹਨਤ ਕਰਨ ਕਾਰਨ ਸੰਤ ਮਹਾਰਾਜ ਦੇ ਬੋਲ ਸੱਚ ਹੋਏ।

ਲੁਬਾਣਾ ਬਰਾਦਰੀ ਦੇ ਬਗੀਚੇ ਦਾ ਮਾਲੀ ਜਿਹੜਾ ਇਕ ਇਕ ਪੱਤੇ, ਇਕ ਇਕ ਬੂਟੇ ਤੇ ਡਾਲੀਆਂ ਦੀ ਸਾਰ ਲੈਂਦਾ ਸੀ, ਦਿਨ ਰਾਤ ਹਰ ਵੇਲੇ

ਆਪਣੀ ਬਰਾਦਰੀ ਦੇ ਭਲੇ ਲਈ ਫ਼ਿਕਰਮੰਦ ਰਹਿੰਦਾ ਸੀ। ਜਿਸ ਨੂੰ ਲੁਬਾਣਾ ਬਰਾਦਰੀ ਦਾ ਹਰ ਸ਼ਖ਼ਸ਼ ਦੱਸ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਆਪਣਾ ਰਹਿਬਰ ਅਤੇ ਪੈਗੰਬਰ ਮੰਨਦਾ ਸੀ ਤੇ ਅੱਜ ਵੀ ਮੰਨਦਾ ਹੈ ਅਤੇ ਸਤਿਕਾਰ ਦਿੰਦਾ ਹੈ, ਮਿਤੀ 2 ਜੂਨ 1950 ਨੂੰ ਆਪਣੇ ਪਿਆਰਿਆਂ ਨੂੰ ਵਿਲਕਦੇ ਅਤੇ ਮੁਰਝਾਏ ਛੱਡ ਕੇ ਜਲ ਕਾ ਜਲ ਹੂਆ ਰਾਮ ਵਾਂਗ ਪ੍ਰਮਾਤਮਾ ਨਾਲ ਇਕਮਿਕ ਹੋ ਗਏ। ਡੇਰਾ ਸੰਤ ਪ੍ਰੇਮ ਸਿੰਘ ਜੀ ਬੇਗੋਵਾਲ ਵਿਖੇ ਆਪ ਜੀ ਦੀ ਸਲਾਨਾ ਬਰਸੀ ਹਰ ਸਾਲ 1, 2 ਅਤੇ 3 ਜੂਨ ਨੂੰ ਬੜੇ ਸਤਿਕਾਰ ਅਤੇ ਸ਼ਰਧਾ ਨਾਲ ਮਨਾਈ ਜਾਂਦੀ ਹੈ।

ਸੰਤ ਪ੍ਰੇਮ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਬਾਅਦ ਡੇਰੇ ਦੇ ਸ਼ੁਭਚਿੰਤਕਾਂ ਅਤੇ ਨਿਰਮਲ ਭੇਖ ਦੁਆਰਾ ਸੰਤ ਮਹਾਰਾਜ ਦੇ ਸਭ ਤੋਂ ਨਜ਼ਦੀਕੀ ਭਗਤ ਸਰਦਾਰ ਸਿੰਘ ਨੂੰ ਡੇਰੇ ਦਾ ਮੁਖੀ ਥਾਪਿਆ ਗਿਆ। ਕਿਉਂ ਜੋ ਭਗਤ ਸਰਦਾਰ ਸਿੰਘ ਲੁਬਾਣਾ ਬਰਾਦਰੀ ਵਿਚੋਂ ਨਹੀਂ ਸਨ ਇਸ ਲਈ ਬਰਾਦਰੀ ਦੇ ਸੱਜਣਾਂ ਨੇ ਸੰਤ ਪ੍ਰੇਮ ਸਿੰਘ ਜੀ ਦੇ ਛੋਟੇ ਭਰਾਤਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਅਗਲਾ ਮੁਖੀ ਥਾਪਣ ਦੀ ਮੁਹਿੰਮ ਛੇੜੀ। ਕੁਝ ਵਿਰੋਧਤਾ ਬਾਅਦ ਕਾਮਯਾਬੀ ਮਿਲ ਗਈ ਤੇ ਭਗਤ ਸਰਦਾਰ ਸਿੰਘ ਦੀ ਜਗ੍ਹਾ ਬਾਵਾ ਹਰਨਾਮ ਸਿੰਘ ਨੂੰ ਡੇਰੇ ਦਾ ਮੁਖੀ ਥਾਪ ਦਿੱਤਾ ਗਿਆ। ਬਰਾਦਰੀ ਵੱਲੋਂ ਹੌਲੀ-ਹੌਲੀ ਬਾਵਾ ਹਰਨਾਮ ਸਿੰਘ ਜੀ ਨੂੰ ਡੇਰਾ ਮੁਖੀ ਪ੍ਰਵਾਨ ਕਰ ਲਿਆ ਅਤੇ ਉਨ੍ਹਾਂ ਵੱਲੋਂ ਲੜੀਆਂ ਪੰਜਾਬ ਵਿਧਾਨ ਸਭਾ ਲਈ ਪੰਜ ਚੋਣਾਂ ਵਿਚੋਂ ਦੋ ਵਾਰ ਫਤਹਿ ਦਿਵਾਈ। ਬਾਵਾ ਜੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ 1969-70 ਵਾਲੀ ਸਰਕਾਰ ਵਿਚ ਜੰਗਲਾਤ ਰਾਜ ਮੰਤਰੀ ਵੀ ਰਹੇ। ਸੰਤ ਪ੍ਰੇਮ ਸਿੰਘ ਜੀ ਦੀ ਸਾਰੀ ਜ਼ਮੀਨੀ ਜਾਇਦਾਦ ਅਤੇ ਬੈਂਕ ਵਿਚ ਪਈ ਨਕਦੀ, ਸੰਤਾਂ ਦੇ ਨਾਮ ਨਾਲ ਵਲਦੀਅਤ ਲਿਖੀ ਹੋਣ ਕਾਰਨ ਅਦਾਲਤ ਰਾਹੀਂ ਬਾਵਾ ਹਰਨਾਮ ਸਿੰਘ ਨੂੰ ਮਿਲ ਗਈ। ਸੰਤ ਮਹਾਰਾਜ ਦੀ ਸੰਸਕਾਰ ਸਥਾਨ 'ਤੇ ਬਣੀ ਯਾਦਗਾਰ ਬੜੀ ਛੋਟੀ ਅਤੇ ਬਾਲਿਆਂ ਦੀ ਛੱਤ ਵਾਲੀ ਸੀ। ਬਰਾਦਰੀ ਦੇ ਹਰ ਇਕੱਠ ਅਤੇ ਸੰਤਾਂ ਦੀ ਬਰਸੀ ਮੌਕੇ ਬਰਾਦਰੀ ਦੇ ਸਿਰਕੱਢ ਸੱਜਣਾਂ ਅਤੇ ਆਮ ਸੰਗਤਾਂ ਵਿਚ ਸੰਤਾਂ ਦੀ ਯਾਦਗਾਰ ਉਨ੍ਹਾਂ ਦੇ ਕੱਦ ਬੁੱਤ ਦੇ ਬਰਾਬਰ ਦੀ ਨਾ ਹੋਣ ਦੀ ਗੱਲ ਵੀ ਛਿੜਦੀ। ਬਰਾਦਰੀ ਦੇ ਮੋਹਤਬਰ ਸੱਜਣਾਂ ਨੇ ਕਈ ਵਾਰ ਬਾਵਾ ਜੀ ਪਾਸ ਸੰਤਾਂ ਦੀ ਯਾਦਗਾਰ ਨੂੰ ਸੁੰਦਰ ਅਤੇ ਵੱਡੀ ਬਨਾਉਣ ਦੀ ਮੰਗ ਵੀ ਰੱਖੀ ਪ੍ਰੰਤੂ ਕਿਸੇ ਵੀ ਕਾਰਨਾਂ ਵੱਸ ਬਾਵਾ ਹਰਨਾਮ ਸਿੰਘ ਜੀ ਇਸ ਅਸਥਾਨ ਨੂੰ ਸੁੰਦਰ ਅਤੇ ਵੱਡਾ ਕਰਨ ਦਾ ਫੈਸਲਾ ਨਾ ਲੈ ਸਕੇ। ਸੰਨ 1980 ਈ. ਵਿਚ ਬਾਵਾ ਜੀ ਦੀ ਮੌਤ ਹੋ ਗਈ। ਬਾਵਾ ਜੀ ਦੇ ਸਪੁੱਤਰ ਬਾਵਾ ਵਰਿੰਦਰ ਸਿੰਘ ਅਤੇ ਬਾਵਾ ਚਰਨਜੀਤ ਸਿੰਘ ਸਨ। ਬਾਵਾ ਹਰਨਾਮ ਸਿੰਘ ਜੀ ਦੇ ਭੋਗ ਤੇ ਬਰਾਦਰੀ ਦੇ ਮੋਹਤਬਰ ਸੱਜਣਾਂ ਅਤੇ ਪਰਿਵਾਰ ਦੀ ਸਹਿਮਤੀ ਨਾਲ ਬਾਵਾ ਵਰਿੰਦਰ ਸਿੰਘ ਨੂੰ ਡੇਰਾ ਮੁਖੀ ਦੀ ਪੱਗ ਬਨਵਾਈ ਗਈ ਅਤੇ ਬਾਵਾ ਚਰਨਜੀਤ ਸਿੰਘ ਨੂੰ ਬਾਵਾ ਜੀ ਦੀ ਸਿਆਸਤ ਅਤੇ ਸਕੂਲਾਂ ਆਦਿ ਦੇ ਪ੍ਰਬੰਧਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਬਾਵਾ ਜੀ ਦੇ ਜੀਵਨ ਕਾਲ ਵਿਚ ਹੀ ਦੋਨੋਂ ਭਰਾਵਾਂ ਦੀਆਂ ਸ਼ਾਦੀਆਂ ਹੋ ਗਈਆਂ ਸਨ। ਬਾਵਾ ਚਰਨਜੀਤ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਸਪੁੱਤਰੀ ਸ. ਗਿਰਧਾਰਾ ਸਿੰਘ ਵਾਸੀ ਭਟਨੂਰਾ ਲੁਬਾਣਾ ਜ਼ਿਲ੍ਹਾ ਜਲੰਧਰ ਨਾਲ ਸਾਲ 1979 ਵਿਚ ਹੋਈ। ਬੀਬੀ ਜਗੀਰ ਕੌਰ ਜੀ ਉਸ ਵੇਲੇ ਸਰਕਾਰੀ ਗਰਲਜ ਸਕੂਲ ਬੇਗੋਵਾਲ ਵਿਚ ਹਿਸਾਬ ਦੇ ਵਿਸ਼ੇ ਦੇ ਅਧਿਆਪਕ ਸਨ। ਆਪ ਜੀ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਜ਼ਿੰਦਗੀ ਆਪਣੀ ਰਫ਼ਤਾਰ ਨਾਲ ਬੜੀ ਸੋਹਣੀ ਚਲ ਰਹੀ ਸੀ ਕਿ ਅਚਾਨਕ ਬਾਵਾ ਚਰਨਜੀਤ ਸਿੰਘ ਨੂੰ ਸਿਰ ਵਿਚ ਦਰਦ ਰਹਿਣ ਲੱਗ ਪਿਆ। ਟੈਸਟ ਹੋਣ ਤੇ ਪਤਾ ਚੱਲਿਆ ਕਿ ਸਿਰ ਵਿਚ ਦਿਮਾਗ਼ ਦੇ ਨਜ਼ਦੀਕ ਰਸੌਲੀ ਹੈ। ਬੜਾ ਇਲਾਜ ਹੋਇਆ। ਬਾਵਾ ਚਰਨਜੀਤ ਸਿੰਘ ਵੱਲੋਂ ਸਕੂਲਾਂ ਦੇ ਪ੍ਰਬੰਧ ਚਲਾਉਂਦਿਆਂ ਉਨ੍ਹਾਂ ਦੀ ਨੇੜਤਾ ਮਾਸਟਰ ਬਲਵੀਰ ਸਿੰਘ ਜੋ ਕਿ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਵਿਚ ਹੀ ਸਰੀਰਕ ਸਿੱਖਿਆ ਅਧਿਆਪਕ ਸੀ, ਨਾਲ ਦੋਸਤਾਂ ਵਾਂਗ ਬਣ ਗਈ। ਸਕੂਲ ਨਾਲ ਸੰਬੰਧਤ ਸਾਰੇ ਕੰਮਾਂ ਵਿਚ ਮਾਸਟਰ ਬਲਬੀਰ ਸਿੰਘ ਬਾਵਾ ਚਰਨਜੀਤ ਸਿੰਘ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਇਆ ਅਤੇ ਉਨ੍ਹਾਂ ਦੀ ਬੀਮਾਰੀ ਵੇਲੇ ਵੀ ਹਰ ਤਰ੍ਹਾਂ ਦੇ ਇਲਾਜ ਲਈ ਦੂਰ-ਦੁਰਾਡੇ ਤੱਕ ਪਰਿਵਾਰ ਦੇ ਨਾਲ ਰਿਹਾ। ਬਾਵਾ ਚਰਨਜੀਤ ਸਿੰਘ ਬੀਮਾਰੀ ਤੋਂ ਜਿੱਤ ਨਾ ਸਕੇ ਅਤੇ 1983 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਬਾਵਾ ਚਰਨਜੀਤ ਸਿੰਘ ਜੀ ਦੇ ਭੋਗ ਤੇ ਬੀਬੀ ਜਗੀਰ ਕੌਰ ਜੀ ਨੂੰ ਬਾਵਾ ਚਰਨਜੀਤ ਸਿੰਘ ਵੱਲੋਂ ਚਲਾਏ ਜਾ ਰਹੇ ਸੰਤ ਪ੍ਰੇਮ ਸਿੰਘ ਖ਼ਾਲਸਾ ਹਾਈ ਸਕੂਲ ਬੇਗੋਵਾਲ ਦਾ ਮੁਖੀ ਥਾਪ ਦਿੱਤਾ। ਬੀਬੀ ਜੀ ਨੇ ਆਪਣੀ ਸਰਕਾਰੀ ਨੌਕਰੀ ਜਾਰੀ ਰੱਖੀ। ਸਮੁੱਚੀ ਬਰਾਦਰੀ ਅਤੇ ਬਰਾਦਰੀ ਦੇ ਮੋਹਤਬਰ ਸੱਜਣ ਜਿਨ੍ਹਾਂ ਦੀ ਦਿਲੀ ਤਮੰਨਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਉਨ੍ਹਾਂ ਜਿੱਡੀ ਵੱਡੀ ਅਤੇ ਸੁੰਦਰ ਬਣੇ। ਉਨ੍ਹਾਂ ਨੇ ਇਹ ਮੰਗ ਡੇਰਾ ਮੁਖੀ ਦੀ ਗੱਦੀ ਤੇ ਬੈਠੇ ਬਾਵਾ ਵਰਿੰਦਰ ਸਿੰਘ ਪਾਸ ਰੱਖਣੀ ਸ਼ੁਰੂ ਕਰ ਦਿੱਤੀ। ਬਾਵਾ ਵਰਿੰਦਰ ਸਿੰਘ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਜੋ ਮੰਗ ਮੇਰੇ ਪਿਤਾ ਬਾਵਾ ਹਰਨਾਮ ਸਿੰਘ ਜੀ ਨੇ ਨਹੀਂ ਮੰਨੀ ਸੀ ਉਸ ਨਾਲ ਮੈਂ ਵੀ ਸਹਿਮਤ ਨਹੀਂ ਹੋ ਸਕਦਾ। ਲੋਕ ਨਿਰਾਸ਼ ਸਨ, ਮੰਨ ਵਿਚ ਜੋਸ਼ ਸੀ ਕਿ ਯਾਦਗਾਰ ਨੂੰ ਵੱਡੀ ਕਰਨ ਵਾਲੀ ਜਗ੍ਹਾ ਜੋ ਅਸੀਂ ਮੰਗ ਰਹੇ ਹਾਂ ਉਹ ਤਾਂ ਸੰਤ ਪ੍ਰੇਮ ਸਿੰਘ ਜੀ ਦੀ ਵਿਰਾਸਤ ਵਿਚ ਲਈ ਗਈ ਜ਼ਮੀਨ ਵਿਚੋਂ ਮੰਗ ਰਹੇ ਹਾਂ। ਯਾਦਗਾਰ ਵੱਡੀ ਹੋਣ ਤੇ ਸ਼ਰਧਾ ਨਾਲ ਜੋ ਚੜ੍ਹਾਵਾ ਅਤੇ ਆਮਦਨ ਵਗੈਰਾ ਵੱਧਣੀ ਹੈ ਉਹ ਤਾਂ ਇਨ੍ਹਾਂ ਨੇ ਹੀ ਲੈਣੀ ਹੈ। ਬਰਾਦਰੀ ਦੇ ਲੋਕਾਂ ਨੂੰ ਆਮਦਨੀ ਦਾ ਹਿਸਾਬ ਲੈਣ ਦੀ ਕੋਈ ਜ਼ਰੂਰਤ ਨਹੀਂ ਸਿਰਫ਼ ਮੰਨ ਵਿਚਲੀ ਵੱਡੀ ਸ਼ਰਧਾ ਅਨੁਸਾਰ ਵੱਡੀ ਯਾਦਗਾਰ ਬਣ ਜਾਵੇ। ਸਾਰਾ ਪ੍ਰਬੰਧ ਇਹ ਆਪ ਹੀ ਚਲਾਉਣ। ਬਾਵਾ ਵਰਿੰਦਰ ਸਿੰਘ ਦੇ ਨਾਂਹ ਕਰਨ 'ਤੇ ਬਰਾਦਰੀ ਦੇ ਮੋਹਤਬਰ ਅਤੇ ਆਮ ਸੰਗਤ ਬੜੀ ਨਿਰਾਸ਼ ਹੋ ਗਈ। ਡੇਰੇ ਵਿਚ ਲੋਕਾਂ ਦਾ ਆਉਣ ਜਾਣ ਘੱਟ ਗਿਆ। ਲੰਗਰ ਦੀ ਪ੍ਰਥਾ ਬੰਦ ਹੋ ਗਈ। ਇੰਜ ਲੱਗਦਾ ਸੀ ਕਿ ਸੰਤ ਪ੍ਰੇਮ ਸਿੰਘ ਜੀ ਦੇ ਸ਼ਰਧਾਲੂਆਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਮਨ੍ਹਾਂ ਵਿਚ ਵਸਾ ਕੇ ਆਪਣੀ ਘਰ ਦੀ ਚਾਰ ਦੀਵਾਰੀ ਵਿਚ ਹੀ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਪਿਆਰ ਨੂੰ ਸੀਮਤ ਕਰ ਲਿਆ ਸੀ। ਡੇਰਾ ਸਿਰਫ਼ ਬਾਵਿਆਂ ਦਾ ਘਰ 'ਕੋਠੀ' ਹੀ ਰਹਿ ਗਿਆ ਸੀ।

ਮਾਸਟਰ ਬਲਬੀਰ ਸਿੰਘ, ਜੋ ਬਾਅਦ ਵਿਚ ਡੇਰੇ ਦੇ ਮੈਨੇਜਰ ਵੀ ਰਹੇ ਬੜੀ ਤੀਖਣ ਸਿਆਸੀ ਬੁੱਧੀ, ਲੰਬੀ ਦੂਰਦਰਸ਼ੀ ਸੋਚ ਅਤੇ ਵਧੀਆ ਵਿਉਂਤਬੰਦੀ ਵਾਲਾ ਦਿਮਾਗ਼ ਰੱਖਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਬਰਾਦਰੀ ਦੇ ਲੋਕਾਂ ਦੇ ਦਿਲਾਂ ਅੰਦਰ ਸੰਤ ਪ੍ਰੇਮ ਸਿੰਘ ਜੀ ਦਾ ਕੀ ਅਸਥਾਨ ਹੈ। ਬਾਵਾ ਹਰਨਾਮ ਸਿੰਘ ਜੀ ਨੇ ਆਖਰੀ ਚੋਣ 1971 ਵਿਚ ਲੜੀ ਸੀ। ਹਲਕਾ ਭੁਲੱਥ ਦੇ ਸਿਆਸੀ ਅਖਾੜੇ ਵਿਚ ਵੀ ਪਰਿਵਾਰ ਦਾ ਰੋਲ ਹੁਣ ਨਾਂਹ ਦੇ ਬਰਾਬਰ ਹੀ ਰਹਿ ਗਿਆ ਸੀ। ਬਾਵਾ ਵਰਿੰਦਰ ਸਿੰਘ ਵੱਲੋਂ ਬਰਾਦਰੀ ਦੀ ਸੰਤਾ ਦੀ ਵੱਡੀ ਯਾਦਗਾਰ ਬਨਾਉਣ ਦੀ ਮੰਗ ਤੋਂ ਇਨਕਾਰ ਕਰਨ ਤੋਂ ਬਾਅਦ ਕੁਝ ਮੋਹਤਬਰ ਸੱਜਣਾਂ ਦੀ ਸਲਾਹ ਹੁਣ ਬਾਵਾ ਚਰਨਜੀਤ ਸਿੰਘ ਦੀ ਵਿਧਵਾ ਬੀਬੀ ਜਗੀਰ ਕੌਰ ਨੂੰ ਯਾਦਗਾਰ ਲਈ ਜ਼ਮੀਨ ਦੇਣ ਬਾਰੇ ਪੁੱਛਣ ਦੀ ਬਣ ਰਹੀ ਸੀ ਕਿਉਂ ਜੋ ਉਸ ਪਾਸ ਵੀ ਸੰਤ ਪ੍ਰੇਮ ਸਿੰਘ ਜੀ ਦੀ ਵਿਰਸੇ ਵਿਚ ਮਿਲੀ ਜਾਇਦਾਦ ਦਾ ਬਰਾਬਰ ਹਿੱਸਾ ਸੀ। ਮਾਸਟਰ ਬਲਬੀਰ ਸਿੰਘ ਦੀ ਸ਼ਾਦੀ ਬੀਬੀ ਜਗੀਰ ਕੌਰ ਦੀ ਛੋਟੀ ਭੈਣ ਨਾਲ ਹੋ ਚੁੱਕੀ ਸੀ। ਇਲਾਕੇ ਦੀਆਂ ਸੰਗਤਾਂ ਅਤੇ ਮੋਹਤਬਰ ਸੱਜਣਾਂ ਨੇ ਜਦ ਇਹ ਮੰਗ ਬੀਬੀ ਜਗੀਰ ਕੌਰ ਅੱਗੇ ਰੱਖੀ ਤਾਂ ਉਨ੍ਹਾਂ ਇਸ ਨੂੰ

ਸੰਤ ਪ੍ਰੇਮ ਸਿੰਘ ਦੀਆਂ ਸੰਗਤਾਂ ਦਾ ਹੁਕਮ ਮੰਨ ਕੇ ਬਿਨਾਂ ਕਿਸੇ ਦੇਰੀ ਦੇ ਆਪਣੇ ਹਿੱਸੇ ਵਿਚੋਂ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਆਲੀਸ਼ਾਨ ਯਾਦਗਾਰ ਬਨਾਉਣ ਲਈ ਦਾਨ ਦੇਣ ਦਾ ਫੈਸਲਾ ਕਰ ਲਿਆ। ਇਸ ਪ੍ਰਵਾਨਗੀ ਵਿਚ ਮਾਸਟਰ ਬਲਬੀਰ ਸਿੰਘ ਦਾ ਬੜਾ ਵੱਡਾ ਰੋਲ ਸੀ।

ਦਾਸ ਲੇਖਕ ਉਹਨੀਂ ਦਿਨੀਂ ਬੇਰੁਜ਼ਗਾਰ ਸੀ ਤੇ ਆਪਣੇ ਪਰਿਵਾਰ ਲਈ ਰੋਟੀ ਦਾ ਜੁਗਾੜ ਕਰਨ ਲਈ ਆਪਣੇ ਪਿੰਡ ਬੇਗੋਵਾਲ ਵਿਚ ਹੀ ਇਕ ਛੋਟਾ ਜਿਹਾ ਸਕੂਲ ਚਲਾਉਂਦਾ ਸੀ। ਸਕੂਲ ਅਤੇ ਕਾਲਜ ਦੀ ਮੁੱਢਲੀ ਪੜ੍ਹਾਈ ਦੇ ਦਿਨਾਂ ਤੋਂ ਮਾਸਟਰ ਬਲਬੀਰ ਸਿੰਘ ਦੀ ਚੰਗੀ ਵਾਕਫ਼ੀਅਤ ਸੀ, ਜੋ ਬਾਅਦ ਵਿਚ ਭਰਾਵਾਂ ਵਰਗੇ ਪਿਆਰ ਵਿਚ ਤਬਦੀਲ ਹੋਈ।

ਇਲਾਕੇ ਦੇ ਮੋਹਤਬਰ ਸੱਜਣਾਂ ਦੇ ਨਾਲ ਦਾਸ ਵੀ ਰਜਿਸਟਰੀ ਵੇਲੇ ਹਾਜ਼ਰ ਸੀ। ਗੁਰਦੁਆਰਾ ਲੋਹ ਲੰਗਰ ਸੰਤ ਪ੍ਰੇਮ ਸਿੰਘ ਜੀ ਦੇ ਨਾਮ ਤੇ ਰਜਿਸਟਰੀ ਹੋ ਗਈ ਅਤੇ ਰਜਿਸਟਰੀ ਦੀ ਇਬਾਰਤ ਵਿਚ ਹੀ ਬੀਬੀ ਜਗੀਰ ਕੌਰ ਨੂੰ ਗੁਰਦੁਆਰੇ ਦੀ ਤਾਅ-ਜ਼ਿੰਦਗੀ ਪ੍ਰਧਾਨ ਲਿਖ ਦਿੱਤਾ ਗਿਆ। ਪੁਰਾਣੀ ਇਮਾਰਤ ਦੇ ਖਸਰਾ ਨੰਬਰਾਂ ਸਮੇਤ ਦੋ ਏਕੜ ਜ਼ਮੀਨ ਸੰਤ ਪ੍ਰੇਮ ਸਿੰਘ ਜੀ ਦੀ ਯਾਦਗਾਰ ਬਨਾਉਣ ਲਈ ਸੰਗਤਾਂ ਨੂੰ ਮਿਲ ਗਈ।

ਬੀਬੀ ਜੀ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਸੰਤਾਂ ਦੀ ਯਾਦਗਾਰ ਦੀ ਆਲੀਸ਼ਾਨ ਇਮਾਰਤ ਬਨਾਉਣ ਦੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਰਾ ਸਮਾਂ ਲਗਾਉਣ ਦਾ ਤਹੱਈਆ ਕਰ ਲਿਆ। ਸੇਵਾ ਹਰ ਇਕ ਮਨੁੱਖ ਨੂੰ ਨਹੀਂ ਮਿਲਦੀ। ਜਿਸ ਦੇ ਮੱਥੇ ਤੇ ਚੰਗੇ ਭਾਗਾਂ ਦੀਆਂ ਲਕੀਰਾਂ ਹੋਣ ਸੇਵਾ ਉਸ ਨੂੰ ਹੀ ਮਿਲਦੀ ਹੈ। ਬਾਵਾ ਹਰਨਾਮ ਸਿੰਘ ਜੀ ਜਾਂ ਬਾਵਾ ਵਰਿੰਦਰ ਸਿੰਘ ਨੂੰ ਸੰਤਾਂ ਦੀ ਯਾਦਗਾਰ ਬਨਾਉਣ ਦੀ ਸੇਵਾ ਜਾਂ ਜੱਸ ਨਹੀਂ ਸੀ ਮਿਲਣਾ। ਉਹ ਇਹ ਕਾਰਜ ਨਾ ਕਰ ਸਕੇ। ਬੀਬੀ ਜਗੀਰ ਕੌਰ ਜੀ ਨੇ ਆਪਣੇ ਮੁੱਢਲੇ ਸਾਥੀਆਂ ਦੀ ਟੀਮ ਨਾਲ ਇਸ ਕਾਰਜ ਨੂੰ ਬੜੇ ਜ਼ੋਰ ਅਤੇ ਜੋਸ਼ ਨਾਲ ਸ਼ੁਰੂ ਕੀਤਾ।

ਬੀਬੀ ਜੀ ਦੀ ਮੁੱਢਲੀ ਟੀਮ ਵਿਚ ਪ੍ਰਧਾਨ ਜਗੀਰ ਸਿੰਘ ਬੇਗੋਵਾਲ, ਸ. ਦਲੀਪ ਸਿੰਘ ਟਿੱਬਾ, ਗਿਆਨੀ ਸੰਗਤ ਸਿੰਘ ਟਿੱਬਾ, ਸ. ਤਾਰਾ ਸਿੰਘ ਮਹੰਤ, ਸ. ਆਸਾ ਸਿੰਘ ਮਹੰਤ, ਜਥੇਦਾਰ ਅਰਜਨ ਸਿੰਘ, ਡਰਾਈਵਰ ਹਰਨਾਮ ਸਿੰਘ, ਡਰਾਈਵਰ ਨਿਰੰਜਨ ਸਿੰਘ, ਜਥੇਦਾਰ ਗਿਆਨ ਸਿੰਘ ਅਕਬਰਪੁਰ, ਬਾਪੂ ਸ਼ਿੰਗਾਰਾ ਸਿੰਘ ਬੇਗੋਵਾਲ, ਬਾਬਾ ਬਲਵੰਤ ਸਿੰਘ, ਜਗਜੀਤ ਸਿੰਘ ਡਾਲਾ, ਗਿਆਨੀ ਕਰਤਾਰ ਸਿੰਘ ਭਦਾਸ, ਸ. ਉਜਾਗਰ ਸਿੰਘ ਕਮਲਾ ਸਾਰਾ ਪਰਿਵਾਰ, ਮੁਖਤਿਆਰ ਸਿੰਘ ਮੁਰੱਬੀਆ ਦਾ ਸਾਰਾ ਪਰਿਵਾਰ, ਹੋਰ ਕਈ ਸੱਜਣਾਂ ਤੋਂ ਇਲਾਵਾ ਦਾਸ ਸੁਰਿੰਦਰ ਸਿੰਘ ਰੂਬੀ ਵੀ ਸ਼ਾਮਲ ਸੀ। ਬੜੀਆਂ ਮੁਸ਼ਕਲਾਂ ਤਕਲੀਫ਼ਾਂ ਆਈਆਂ। ਪਰ ਬੀਬੀ ਜਗੀਰ ਕੌਰ ਦੀ ਠੋਸ, ਸੁਘੜ ਅਤੇ ਦ੍ਰਿੜ੍ਹਤਾ ਭਰੀ ਅਗਵਾਈ ਉਤੇ ਸੰਤ ਪ੍ਰੇਮ ਸਿੰਘ ਜੀ ਨੇ ਅਤੇ ਗੁਰੂ ਮਹਾਰਾਜ ਨੇ ਖੁਦ ਆਪਣੀ ਕ੍ਰਿਪਾਲਤਾ ਭਰੀ ਨਜ਼ਰ ਰੱਖੀ। ਪਿੰਡ ਪਿੰਡ ਉਗਰਾਹੀਆਂ ਕੀਤੀਆਂ ਗਈਆਂ। ਖਰਚਾ ਬਹੁਤ ਵੱਡਾ ਸੀ। ਬੀਬੀ ਜੀ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਵਿਚੋਂ ਉਗਰਾਹੀ ਇਕੱਠੀ ਕਰਕੇ ਲਿਆਂਦੀ। ਸੁੰਦਰ ਯਾਦਗਾਰ ਦੀ ਇਮਾਰਤ ਜਦ ਦਿਸਣ ਲੱਗ ਪਈ ਤਾਂ ਜੋ ਥੋੜ੍ਹੀ ਬਹੁਤ ਵਿਰੋਧਤਾ ਸੀ ਉਹ ਵੀ ਖਤਮ ਹੋ ਗਈ। ਅੱਜ ਸੰਤ ਪ੍ਰੇਮ ਸਿੰਘ ਜੀ ਦੀ ਸੁੰਦਰ ਯਾਦਗਾਰ ਦੀ ਇਮਾਰਤ ਬਣੀ ਹੈ ਉਸ ਤੋਂ ਇਲਾਵਾ ਦੀਵਾਨ ਅਸਥਾਨ ਦੀ ਇਮਾਰਤ ਅਤੇ ਐਨ.ਆਰ.ਆਈ. ਅਤੇ ਹੋਰ ਸੱਜਣਾਂ ਦੇ ਸਹਿਯੋਗ ਨਾਲ ਲੰਗਰ ਹਾਲ ਦੀ ਵਧੀਆ ਇਮਾਰਤ ਬਣੀ ਹੈ ਇਹ ਸਭ ਕੁਝ ਬੀਬੀ ਜਗੀਰ




ਕੌਰ ਜੀ ਦੀ ਸੁਘੜ ਅਤੇ ਸੁਯੋਗ ਅਗਵਾਈ ਦਾ ਹੀ ਨਤੀਜਾ ਹੈ। ਜੋ ਇਕ ਸਮੇਂ ਸੰਗਤਾਂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਹਿਰਦੇ ਅਤੇ ਘਰਾਂ ਵਿਚ ਹੀ ਸੀਮਤ ਕਰ ਲਿਆ ਸੀ। ਅੱਜ ਬੀਬੀ ਜਗੀਰ ਕੌਰ ਨੇ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਨਾਲ ਦੁਬਾਰਾ ਜੋੜ ਲਿਆ ਹੈ।

ਡੇਰੇ ਦੀ ਪਰੰਪਰਾ ਅਨੁਸਾਰ ਹੀ ਬੀਬੀ ਜਗੀਰ ਕੌਰ ਨੇ ਇਲਾਕੇ ਦੀਆਂ ਸੰਗਤਾਂ ਨੂੰ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਅਗਵਾਈ ਦੇਣ ਦਾ ਅਹਿਮ ਕਾਰਜ ਸੰਭਾਲ ਲਿਆ। ਆਪ 1997, 2002 ਅਤੇ 2012 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ। ਆਪ ਜੀ ਪੰਜਾਬ ਸਰਕਾਰ ਦੇ ਕੈਬਨਿਟ ਵਜ਼ੀਰ ਵੀ ਰਹਿ ਚੁੱਕੇ ਹਨ। ਲਗਾਤਾਰ ਪੰਜ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਅਤੇ ਚਾਰ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਹਨ। ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਨਣ ਦਾ ਮਾਣ ਵੀ ਆਪ ਨੂੰ ਪ੍ਰਾਪਤ ਹੈ। ਆਪ ਜੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਦਲ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਵੀ ਰਹੇ ਹਨ।

ਸੰਗਤ ਨੇ ਮੁਰਾਲਾ ਡੇਰਾ ਨਹੀਂ ਵੇਖਿਆ ਪ੍ਰੰਤੂ ਅੱਜ ਸੰਗਤਾਂ ਨੂੰ ਡੇਰਾ ਸੰਤ ਪ੍ਰੇਮ ਸਿੰਘ ਵਿਚ ਸੰਤ ਮਹਾਰਾਜ ਦੀ ਹਾਜ਼ਰੀ ਮਹਿਸੂਸ ਹੁੰਦੀ ਹੈ। ਡੇਰਾ ਬੇਗੋਵਾਲ ਮੁਰਾਲਾ ਡੇਰਾ ਹੀ ਜਾਪਦਾ ਹੈ। ਮੁਰਾਲੇ ਵਾਂਗ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਹਰ ਤਰ੍ਹਾਂ ਦੀ ਅਗਵਾਈ ਮਿਲਦੀ ਹੈ।



# ਆਪ੍ਰੇਸ਼ਨ ਸੰਧੂਰ ਤੋਂ ਬਾਅਦ ਕਿੱਥੇ ਖੜ੍ਹਾ ਹੈ ਦੇਸ਼?

15 ਅਗਸਤ, 1947 ਨੂੰ ਆਜ਼ਾਦ ਹੋਣ ਦੇ ਸਮੇਂ ਤੋਂ ਹੀ ਭਾਰਤ ਬਹੁਤ ਸਾਰੀਆਂ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ। ਆਜ਼ਾਦੀ ਮਿਲਣ ਦੇ ਨਾਲ ਹੀ ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਸ ਸਮੇਂ ਹੋਈ ਫ਼ਿਰਕੂ ਹਿੰਸਾ ਵਿਚ 10 ਲੱਖ ਦੇ ਲਗਭਗ ਲੋਕ ਮਾਰੇ ਗਏ ਅਤੇ 1 ਕਰੋੜ ਤੋਂ ਵੱਧ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਭਾਰਤ ਅਤੇ ਪਾਕਿਸਤਾਨ ਵਿਚ ਜਾ ਕੇ ਨਵੀਆਂ ਥਾਵਾਂ 'ਤੇ ਵਸਣਾ ਪਿਆ। ਇਸ ਤੋਂ ਇਲਾਵਾ ਇਸ ਘਟਨਾਕ੍ਰਮ ਦੌਰਾਨ 80 ਹਜ਼ਾਰ ਤੋਂ ਵੱਧ ਔਰਤਾਂ ਦੇ ਉਧਾਲੇ ਹੋਏ। ਉਨ੍ਹਾਂ ਵਿਚੋਂ ਬਹੁਤ ਸਾਰੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ, ਕਤਲ ਕੀਤੀਆਂ ਗਈਆਂ ਅਤੇ ਬਹੁਤ ਸਾਰੀਆਂ ਔਰਤਾਂ ਦੇ ਉਨ੍ਹਾਂ ਦੀ ਇੱਛਾਵਾਂ ਦੇ ਖ਼ਿਲਾਫ਼ ਵਿਆਹ ਵੀ ਹੋਏ। ਜਦੋਂ ਇਹ ਸਿਲਸਿਲਾ ਚੱਲ ਰਿਹਾ ਹੀ ਸੀ ਤਾਂ 1947-48 ਵਿਚ ਨਵੇਂ ਬਣੇ ਦੇਸ਼ ਪਾਕਿਸਤਾਨ ਨੇ ਜੰਮੂ-ਕਸ਼ਮੀਰ 'ਤੇ ਹਮਲਾ ਕਰ ਦਿੱਤਾ ਅਤੇ ਇਸ ਦੇ ਇਕ ਵੱਡੇ ਹਿੱਸੇ ਨੂੰ ਹਥਿਆ ਲਿਆ, ਜਿਸ ਨੂੰ ਦੇਸ਼ ਹਾਲੇ ਤੱਕ ਵੀ ਛੁਡਵਾ ਨਹੀਂ ਸਕਿਆ।

ਪਾਕਿਸਤਾਨ ਭਾਰਤ ਦੇ ਅਧਿਕਾਰ ਵਾਲੇ ਜੰਮੂ-ਕਸ਼ਮੀਰ 'ਤੇ ਅੱਜ ਤੱਕ ਵੀ ਆਪਣਾ ਅਧਿਕਾਰ ਜਤਾ ਰਿਹਾ ਹੈ ਅਤੇ ਇਸ ਨੂੰ ਹਾਸਿਲ ਕਰਨ ਲਈ 1965 ਵਿਚ ਉਸ ਨੇ ਭਾਰਤ 'ਤੇ ਹਮਲਾ ਵੀ ਕੀਤਾ ਸੀ। 1971 ਦੀ ਪਾਕਿਸਤਾਨ ਨਾਲ ਹੋਈ ਜੰਗ ਦਾ ਮੁੱਖ ਕਾਰਨ ਭਾਵੇਂ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਵਿਚ ਪੈਦਾ ਹੋਇਆ ਰਾਜਨੀਤਕ ਸੰਕਟ ਬਣਿਆ ਪਰ ਪਾਕਿਸਤਾਨ ਭਾਰਤ ਦੀ ਇਸ ਲੜਾਈ ਦੇ ਪਿਛੋਕੜ ਵਿਚ ਦੋਵਾਂ ਦੇਸ਼ਾਂ ਦੇ ਕਸ਼ਮੀਰ ਵਿਵਾਦ ਕਾਰਨ ਖਰਾਬ ਚੱਲ ਰਹੇ ਰਿਸ਼ਤੇ ਵੀ ਕਾਰਜਸ਼ੀਲ ਸਨ। 1999 ਵਿਚ ਤਾਂ ਪਾਕਿਸਤਾਨ ਨੇ ਬਾਕਾਇਦਾ ਕਸ਼ਮੀਰ ਨੂੰ ਹਥਿਆਉਣ ਲਈ ਅੱਤਵਾਦੀਆਂ ਦੇ ਸਹਿਯੋਗ ਨਾਲ ਭਾਰਤ ਵਿਚ ਘੁਸਪੈਠ ਕਰਕੇ ਕਸ਼ਮੀਰ ਦੇ ਕਾਰਗਿਲ ਖੇਤਰ ਦੀਆਂ ਉੱਚੀਆਂ ਪਹਾੜੀਆਂ 'ਤੇ ਕਬਜ਼ਾ ਵੀ ਕਰ ਲਿਆ ਸੀ, ਜਿਸ ਨੂੰ ਲੰਮੀ ਚੱਲੀ ਲੜਾਈ ਦੌਰਾਨ ਭਾਰਤ ਦੀ ਫ਼ੌਜ ਨੇ ਛੁਡਵਾ ਲਿਆ ਸੀ। ਇਸ ਤੋਂ ਬਾਅਦ ਵੀ ਪਾਕਿਸਤਾਨ ਦਾ ਭਾਰਤ ਪ੍ਰਤੀ ਰਵੱਈਆ ਨਹੀਂ ਬਦਲਿਆ ਅਤੇ ਉਹ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਅਤੇ ਅਨੇਕਾਂ ਹੋਰ ਅੱਤਵਾਦੀ ਸੰਗਠਨਾਂ ਦੀ ਪੁਸ਼ਤ-ਪਨਾਹੀ ਕਰਕੇ, ਭਾਰਤ ਨਾਲ ਅਸਿੱਧੀ ਜੰਗ ਲੜਦਾ ਆ ਰਿਹਾ ਹੈ। ਇਸ ਸੰਦਰਭ ਵਿਚ ਹੀ 22 ਅਪ੍ਰੈਲ ਨੂੰ ਪਹਿਲਗਾਮ ਦੀ ਬੈਸਰਨ ਘਾਟੀ ਵਿਚ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅੱਤਵਾਦੀਆਂ ਵਲੋਂ ਸੈਲਾਨੀਆਂ 'ਤੇ ਕੀਤੇ ਗਏ ਹਮਲੇ ਨੂੰ ਦੇਖਿਆ ਤੇ ਸਮਝਿਆ ਜਾ ਸਕਦਾ ਹੈ।

ਭਾਵੇਂ ਜੰਮੂ-ਕਸ਼ਮੀਰ ਵਿਚ ਧਾਰਾ-370 ਨੂੰ ਖ਼ਤਮ ਕਰਨ ਅਤੇ ਰਾਜ ਨੂੰ ਦੋ ਕੇਂਦਰ ਸ਼ਾਸਿਤ ਇਲਾਕਿਆਂ ਵਿਚ ਵੰਡਣ ਤੋਂ ਬਾਅਦ ਮੋਦੀ ਸਰਕਾਰ ਇਹ ਦਾਅਵਾ ਕਰਦੀ ਰਹੀ ਹੈ ਕਿ ਜੰਮੂ-ਕਸ਼ਮੀਰ ਵਿਚ ਹੁਣ ਸਥਿਤੀ ਸੁਧਰ ਗਈ ਹੈ। ਅੱਤਵਾਦ ਦੀ ਚੁਣੌਤੀ ਕਾਫ਼ੀ ਹੱਦ ਤੱਕ ਘਟ ਗਈ ਹੈ ਅਤੇ ਰਾਜ ਵਿਚ ਮੁੜ ਵਿਕਾਸ ਦੀ ਗਤੀ ਤੇਜ਼ ਹੋ ਗਈ ਹੈ। ਪਰ ਪਹਿਲਗਾਮ ਵਿਚ ਸੈਲਾਨੀਆਂ 'ਤੇ ਹੋਏ ਹਮਲੇ ਨੇ ਅਤੇ ਜੰਮੂ-ਕਸ਼ਮੀਰ ਵਿਚ ਇਸ ਤੋਂ ਵੀ





ਪਹਿਲਾਂ ਅੱਤਵਾਦੀਆਂ ਵਲੋਂ ਕੀਤੇ ਜਾਂਦੇ ਰਹੇ ਹਮਲਿਆਂ ਨੇ ਇਸ ਹਕੀਕਤ ਨੂੰ ਮੁੜ ਸਾਹਮਣੇ ਲਿਆਂਦਾ ਹੈ ਕਿ ਪਾਕਿਸਤਾਨ ਵਲੋਂ ਅਜੇ ਵੀ ਭਾਰਤ ਨੂੰ ਵੱਡੀ ਸੁਰੱਖਿਆ ਚੁਣੌਤੀ ਦਾ ਸਾਹਮਣਾ ਹੈ। ਭਾਵੇਂ ਭਾਰਤ ਨੇ 7 ਮਈ ਨੂੰ ਪਾਕਿਸਤਾਨ ਵਿਚ ਲਸ਼ਕਰ-ਏ-ਤਾਇਬਾ, ਜੈਸ਼-ਏ-ਮੁਹੰਮਦ ਅਤੇ ਹੋਰ ਅੱਤਵਾਦੀ ਸੰਗਠਨਾਂ ਦੇ 9 ਦੇ ਲਗਭਗ ਟਿਕਾਣਿਆਂ 'ਤੇ ਹਮਲਾ ਕਰਕੇ ਪਾਕਿਸਤਾਨ ਦੀ ਅਸਿੱਧੀ ਜੰਗ ਦਾ ਢੁਕਵਾਂ ਜਵਾਬ ਦਿੱਤਾ ਹੈ ਅਤੇ ਇਸ ਤੋਂ ਬਾਅਦ ਪਾਕਿਸਤਾਨ ਵਲੋਂ ਜੰਮੂ-ਕਸ਼ਮੀਰ ਤੋਂ ਲੈ ਕੇ ਗੁਜਰਾਤ ਦੇ ਭੁੱਜ ਤੱਕ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਕੀਤੇ ਗਏ ਹਮਲਿਆਂ ਨੂੰ ਵੀ ਨਕਾਰਾ ਕਰ ਦਿੱਤਾ ਸੀ, ਪਰ ਇਸ ਦੇ ਬਾਵਜੂਦ ਇਸ ਗੱਲ ਦੀ ਅਜੇ ਕੋਈ ਗਾਰੰਟੀ ਨਹੀਂ ਹੈ ਕਿ ਪਾਕਿਸਤਾਨ ਆਉਣ ਵਾਲੇ ਸਮੇਂ ਵਿਚ ਆਪਣੀ ਧਰਤੀ 'ਤੇ ਚੱਲ ਰਹੇ ਦਹਿਸ਼ਤਗਰਦਾਂ ਦੇ ਟ੍ਰੇਨਿੰਗ ਕੇਂਦਰਾਂ ਨੂੰ ਬੰਦ ਕਰ ਦੇਵੇਗਾ ਜਾਂ ਭਾਰਤ 'ਤੇ ਪਾਕਿਸਤਾਨ ਦੀ ਧਰਤੀ ਤੋਂ ਕੋਈ ਹੋਰ ਹਮਲੇ ਨਹੀਂ ਹੋਣਗੇ। ਸਪੱਸ਼ਟ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਾਕਿਸਤਾਨ ਵਲੋਂ ਭਾਰਤ ਲਈ ਸੁਰੱਖਿਆ ਚੁਣੌਤੀ ਬਰਕਰਾਰ ਰਹੇਗੀ।

ਭਾਰਤ ਨੂੰ ਸਿਰਫ਼ ਪਾਕਿਸਤਾਨ ਤੋਂ ਹੀ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਨਹੀਂ ਹੈ, ਦੁਨੀਆ ਵਿਚ ਤੇਜ਼ੀ ਨਾਲ ਮਹਾਂਸ਼ਕਤੀ ਦੇ ਰੂਪ ਵਿਚ ਉੱਭਰ ਰਹੇ ਚੀਨ ਤੋਂ ਵੀ ਭਾਰਤ ਨੂੰ ਵੱਡੀ ਸੁਰੱਖਿਆ ਚੁਣੌਤੀ ਦਾ ਸਾਹਮਣਾ ਹੈ। ਚੀਨ ਨਾਲ ਭਾਰਤ ਦਾ ਪੁਰਾਣਾ ਤੇ ਵੱਡਾ ਸਰਹੱਦੀ ਵਿਵਾਦ ਚਲਦਾ ਆ ਰਿਹਾ ਹੈ। ਅੰਗਰੇਜ਼ਾਂ ਦੇ ਸਮੇਂ ਭਾਰਤ ਅਤੇ ਚੀਨ ਦੀਆਂ ਸਰਹੱਦਾਂ ਅੰਗਰੇਜ਼ਾਂ ਵਲੋਂ 'ਮੈਕਮੋਹਨ ਲਾਈਨ' ਬਣਾ ਕੇ ਨਿਰਧਾਰਿਤ ਕੀਤੀਆਂ ਗਈਆਂ ਸਨ। ਪਰ ਚੀਨ ਦੀ ਮੌਜੂਦਾ ਸਰਕਾਰ ਇਸ ਹੱਦਬੰਦੀ ਨੂੰ ਸਵੀਕਾਰ ਨਹੀਂ ਕਰ ਰਹੀ। ਇਸੇ ਵਿਵਾਦ ਕਾਰਨ 1962 ਵਿਚ ਦੋਵਾਂ ਦੇਸ਼ਾਂ ਦਰਮਿਆਨ ਇਕ ਜੰਗ ਵੀ ਹੋ ਚੁੱਕੀ ਹੈ ਅਤੇ ਜੰਗ ਦੌਰਾਨ ਜੰਮੂ-ਕਸ਼ਮੀਰ ਦੇ ਇਕ ਵੱਡੇ ਇਲਾਕੇ, ਜਿਸ ਨੂੰ ਐਕਸਾਈਚਿੰਨ ਕਿਹਾ ਜਾਂਦਾ ਹੈ, 'ਤੇ ਚੀਨ ਨੇ ਕਬਜ਼ਾ ਕਰ ਲਿਆ ਸੀ। ਇਹ ਇਲਾਕਾ ਅਜੇ ਵੀ ਚੀਨ ਦੇ ਕਬਜ਼ੇ ਹੇਠ ਹੀ ਹੈ। ਇਸ ਤੋਂ ਬਾਅਦ ਵੀ ਸਮੇਂ-ਸਮੇਂ ਸਰਹੱਦੀ ਵਿਵਾਦ ਕਾਰਨ ਅਤੇ ਚੀਨ ਵਲੋਂ ਇਕਪਾਸੜ ਕਾਰਵਾਈ ਕਰਕੇ ਭਾਰਤ ਦੇ ਸਰਹੱਦੀ ਇਲਾਕਿਆਂ ਵਿਚ ਦਾਖਲ ਹੋਣ ਦੇ ਯਤਨਾਂ ਕਰਨ ਕਾਰਨ, ਭਾਰਤੀ ਅਤੇ ਚੀਨ ਦੀਆਂ ਫ਼ੌਜਾਂ ਦਰਮਿਆਨ ਝੜਪਾਂ ਹੁੰਦੀਆਂ ਰਹੀਆਂ ਹਨ। ਗਲਵਾਨ ਘਾਟੀ ਵਿਚ ਤਾਂ ਕਾਫ਼ੀ ਲੰਮੇ ਸਮੇਂ ਤੱਕ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਆਹਮੋ-ਸਾਹਮਣੇ ਖੜ੍ਹੀਆਂ ਰਹੀਆਂ ਸਨ। ਚੀਨ ਜੰਮੂ-ਕਸ਼ਮੀਰ ਤੋਂ ਲੈ ਕੇ ਅਰੁਣਾਚਲ ਪ੍ਰਦੇਸ਼ ਤੱਕ ਭਾਰਤ ਦੇ ਕਈ ਇਲਾਕਿਆਂ 'ਤੇ ਆਪਣੇ ਦਾਅਵੇ ਕਰਦਾ ਆ ਰਿਹਾ ਹੈ। ਪੂਰਬੀ ਲੱਦਾਖ ਤੇ ਅਰੁਣਾਚਲ ਪ੍ਰਦੇਸ਼ 'ਤੇ ਉਹ ਲਗਾਤਾਰ ਆਪਣਾ ਅਧਿਕਾਰ ਜਿਤਾ ਰਿਹਾ ਹੈ। ਭਾਰਤ ਨੂੰ ਉਕਸਾਉਣ ਲਈ ਜਾਂ ਆਪਣੇ ਵਲੋਂ ਅਸੁਰੱਖਿਅਤਾ ਦਾ ਅਹਿਸਾਸ ਕਰਵਾਉਣ ਲਈ ਉਹ ਅਰੁਣਾਚਲ ਪ੍ਰਦੇਸ਼ ਵਿਚ ਪਹਾੜੀਆਂ ਅਤੇ ਸ਼ਹਿਰਾਂ ਦੇ ਨਾਂਅ ਵੀ ਆਪਣੇ ਤੌਰ 'ਤੇ ਹੀ ਬਦਲਦਾ ਆ ਰਿਹਾ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ 7 ਮਈ ਤੋਂ 10 ਮਈ ਤੱਕ ਚੱਲੇ ਟਕਰਾਅ ਦੌਰਾਨ ਉਸ ਨੇ ਇਕ ਵਾਰ ਫਿਰ ਅਜਿਹਾ ਕਰਦਿਆਂ 26 ਦੇ ਲਗਭਗ ਥਾਵਾਂ ਦੇ ਅਰੁਣਾਚਲ ਪ੍ਰਦੇਸ਼ ਵਿਚ ਨਾਂਅ ਬਦਲੇ ਹਨ। ਪਾਕਿਸਤਾਨ ਨਾਲ ਟਕਰਾਅ ਦੇ ਦੌਰਾਨ ਵੀ ਉਸ ਨੇ ਸਪੱਸ਼ਟ ਰੂਪ ਵਿਚ ਪਾਕਿਸਤਾਨ ਨਾਲ ਖੜ੍ਹੇ ਹੁੰਦਿਆਂ ਇਹ ਐਲਾਨ ਕੀਤਾ ਸੀ ਕਿ ਉਹ ਪਾਕਿਸਤਾਨ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਉਸ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਵੇਗਾ। ਪਾਕਿਸਤਾਨ ਨਾਲ ਟਕਰਾਅ ਸਮੇਂ ਅਫ਼ਗਾਨਿਸਤਾਨ ਦੀ ਸਰਕਾਰ ਨੇ ਭਾਰਤ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਸੀ ਅਤੇ ਉਸ ਨੇ ਪਹਿਲਗਾਮ ਹਮਲੇ ਦੀ ਵੀ ਤਿੱਖੀ ਆਲੋਚਨਾ ਕੀਤੀ ਸੀ। ਕੁਝ ਹੋਰ ਮੁੱਦਿਆਂ ਨੂੰ ਲੈ ਕੇ ਵੀ ਅਫ਼ਗਾਨਿਸਤਾਨ ਤੇ ਪਾਕਿਸਤਾਨ ਦਰਮਿਆਨ ਟਕਰਾਅ ਚਲ ਰਿਹਾ ਹੈ। ਚੀਨ ਨੇ ਅਫ਼ਗਾਨਿਸਤਾਨ ਨੂੰ ਹੋਰ ਵਧੇਰੇ ਭਾਰਤ ਵੱਲ ਝੁਕਣ ਤੋਂ ਰੋਕਣ ਲਈ ਬੀਜਿੰਗ ਵਿਚ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਅਮੀਰ ਖਾਨ ਮੁਤਾਕੀ ਅਤੇ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰਦੀ ਪਿਛਲੇ ਦਿਨੀਂ ਕਿ ਵਿਸ਼ੇਸ਼ ਮੀਟਿੰਗ ਕਰਵਾਈ ਹੈ, ਜਿਸ ਵਿਚ ਉਨ੍ਹਾਂ ਦੋਵਾਂ ਦੇਸ਼ਾਂ ਦੇ ਮਤਭੇਦ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਲਈ ਵਧਦੀ ਹੋਈ ਸੁਰੱਖਿਆ ਚੁਣੌਤੀ ਦੇ ਪੱਖ ਤੋਂ ਵੀ ਇਸ ਮੀਟਿੰਗ ਦੀ ਅਹਿਮੀਅਤ ਨੂੰ ਸਮਝਿਆ ਜਾ ਸਕਦਾ ਹੈ।

ਪਰ ਭਾਰਤ ਲਈ ਸੁਰੱਖਿਆ ਚੁਣੌਤੀਆਂ ਸਿਰਫ਼ ਪਾਕਿਸਤਾਨ ਜਾਂ ਚੀਨ ਦੀਆਂ ਸਰਹੱਦਾਂ ਤੱਕ ਹੀ ਸੀਮਤ ਨਹੀਂ ਹਨ। ਬੰਗਲਾਦੇਸ਼ ਵਾਲੇ ਪਾਸੇ ਤੋਂ ਵੀ ਹੁਣ ਭਾਰਤ ਲਈ ਵੱਡੀ ਸੁਰੱਖਿਆ ਚੁਣੌਤੀ ਉੱਭਰ ਰਹੀ ਹੈ। ਅਵਾਮੀ ਲੀਗ ਦੀ ਲੀਡਰ ਸ਼ੇਖ ਹਸੀਨਾ ਦਾ ਤਖ਼ਤਾ ਪਲਟੇ ਜਾਣ ਤੋਂ ਬਾਅਦ ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਸੰਬੰਧਾਂ ਵਿਚ ਬਹੁਤ ਵੱਡੀ ਤਬਦੀਲੀ ਆਈ ਹੈ। ਦੋਵਾਂ ਦੇਸ਼ਾਂ ਨੇ ਵਪਾਰਕ ਅਤੇ ਰਾਜਨੀਤਕ ਤੌਰ 'ਤੇ ਇਕ-ਦੂਜੇ ਨਾਲ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ ਹੈ। ਦੂਜੇ ਪਾਸੇ ਬੰਗਲਾਦੇਸ਼ ਨਾਲ ਭਾਰਤ ਦੇ ਸੰਬੰਧ ਲਗਾਤਾਰ ਵਿਗੜਦੇ ਜਾ ਰਹੇ ਹਨ। ਪਾਕਿਸਤਾਨ ਦੀ ਬਦਨਾਮ ਖੁਫੀਆ ਏਜੰਸੀ ਆਈ.ਐਸ.ਆਈ. ਬੰਗਲਾਦੇਸ਼ ਵਿਚ ਮੁੜ ਸਰਗਰਮ ਹੋ ਗਈ ਹੈ। ਭਾਰਤ ਦੇ ਉੱਤਰ-ਪੂਰਬੀ ਰਾਜਾਂ ਆਸਾਮ, ਨਾਗਾਲੈਂਡ, ਮੇਘਾਲਿਆ, ਮਨੀਪੁਰ ਤੇ ਤ੍ਰਿਪੁਰਾ ਆਦਿ ਵਿਚ ਵੱਖ-ਵੱਖ ਕਾਰਨਾਂ ਕਰਕੇ ਚੱਲ ਰਹੇ ਹਿੰਸਕ ਅੰਦੋਲਨ, ਜੋ ਕੁਝ ਸਾਲਾਂ ਤੋਂ ਠੰਢੇ ਪੈ ਗਏ ਸਨ ਅਤੇ ਕੇਂਦਰ ਸਰਕਾਰ ਨੇ ਨਾਗਾ ਅਤੇ ਮੀਜ਼ੋ ਆਗੂਆਂ ਨਾਲ ਕੁਝ ਸਮਝੌਤੇ ਕਰਕੇ ਵੀ ਉਨ੍ਹਾਂ ਨੂੰ ਸ਼ਾਂਤ ਕੀਤਾ ਸੀ। ਹੁਣ ਨਵੀਆਂ ਸਥਿਤੀਆਂ ਵਿਚ ਸੁਰੱਖਿਆ ਮਾਹਿਰਾਂ ਨੂੰ ਇਹ ਚਿੰਤਾ ਸਤਾ ਰਹੀ ਹੈ ਕਿ ਚੀਨ, ਪਾਕਿਸਤਾਨ ਤੇ ਬੰਗਲਾਦੇਸ਼ ਮਿਲ ਕੇ ਉੱਤਰ-ਪੂਰਬੀ ਰਾਜਾਂ ਵਿਚ ਹਿੰਸਕ ਅੰਦੋਲਨ ਨੂੰ ਮੁੜ ਭੜਕਾ ਸਕਦੇ ਹਨ ਅਤੇ ਬਾਗੀਆਂ ਲਈ ਬੰਗਲਾਦੇਸ਼ ਵਿਚ ਟ੍ਰੇਨਿੰਗ ਕੇਂਦਰ ਮੁੜ ਖੋਲ੍ਹ ਸਕਦੇ ਹਨ, ਜਿਸ ਤਰ੍ਹਾਂ ਕਿ ਪਹਿਲਾਂ ਲੰਮੇ ਸਮੇਂ ਤੱਕ ਹੁੰਦਾ ਰਿਹਾ ਹੈ। ਇਸ ਕਾਰਨ ਭਾਰਤ ਨੂੰ ਬੰਗਲਾਦੇਸ਼ ਨਾਲ ਲਗਦੀ ਆਪਣੀ ਲੰਮੀ ਸੀਮਾ ਅਤੇ ਉੱਤਰ-ਪੂਰਬੀ ਰਾਜਾਂ ਵਲ ਫ਼ਿਰ ਤੋਂ ਖ਼ਾਸ



ਧਿਆਨ ਦੇਣਾ ਪਵੇਗਾ।

ਭਾਰਤ ਦੀ ਸੁਰੱਖਿਆ ਲਈ ਉਪਰੋਕਤ ਬਾਹਰੀ ਚੁਣੌਤੀਆਂ ਦੇ ਨਾਲ-ਨਾਲ ਅੰਦਰੂਨੀ ਚੁਣੌਤੀਆਂ ਵੀ ਤੇਜ਼ੀ ਨਾਲ ਉੱਭਰ ਰਹੀਆਂ ਹਨ।ਅੰਦਰੂਨੀ ਰਾਜਨੀਤੀ ਵਿਚ ਸਿਆਸੀ ਲਾਹਾ ਲੈਣ ਲਈ ਆਰ.ਐੱਸ.ਐੱਸ. ਤੇ ਭਾਜਪਾ ਵਲੋਂ ਫ਼ਿਰਕੂ ਧਰੁਵੀਕਰਨ ਦੀ ਰਾਜਨੀਤੀ ਖੇਡੀ ਜਾ ਰਹੀ ਹੈ। ਦੇਸ਼ ਦੀ ਦੂਜੀ ਵੱਡੀ ਘੱਟ ਗਿਣਤੀ ਮੁਸਲਮਾਨ ਭਾਈਚਾਰੇ ਨੂੰ ਰਾਜਨੀਤਕ, ਧਾਰਮਿਕ ਅਤੇ ਆਰਥਿਕ ਤੌਰ 'ਤੇ ਹਾਸ਼ੀਏ 'ਤੇ ਧੱਕਣ ਦੇ ਯਤਨ ਹੋ ਰਹੇ ਹਨ।ਅਖੌਤੀ ਹਿੰਦੂਤਵੀ ਸੰਗਠਨ ਕਿਸੇ ਨਾ ਕਿਸੇ ਗੱਲ ਨੂੰ ਮੁੱਦਾ ਬਣਾ ਕੇ ਮੁਸਲਿਮ ਭਾਈਚਾਰੇ ਦੇ ਲੋਕਾਂ 'ਤੇ ਹਮਲੇ ਕਰਦੇ ਹਨ। ਕੇਂਦਰ ਵਿਚ ਸੱਤਾਧਾਰੀ ਭਾਜਪਾ ਦੀ ਸਰਕਾਰ ਵਲੋਂ ਵੀ ਵੱਖ-ਵੱਖ ਤਰ੍ਹਾਂ ਦੇ ਅਜਿਹੇ ਕਾਨੂੰਨ ਬਣਾਏ ਜਾ ਰਹੇ ਹਨ, ਜਿਹੜੇ ਮੁਸਲਿਮ ਭਾਈਚਾਰੇ ਨੂੰ ਆਪਣੇ ਧਾਰਮਿਕ ਅਤੇ ਰਾਜਨੀਤਕ ਹਿਤਾਂ ਨੂੰ ਸੱਟ ਮਾਰਨ ਵਾਲੇ ਲੱਗਦੇ ਹਨ। ਭਾਵੇਂ ਪਹਿਲਗਾਮ ਹਮਲੇ ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਮੁਸਲਿਮ ਭਾਈਚਾਰਾ ਖੁੱਲ੍ਹ ਕੇ ਅੱਤਵਾਦੀਆਂ ਤੇ ਪਾਕਿਸਤਾਨ ਦੇ ਖਿਲਾਫ਼ ਸਾਹਮਣੇ ਆਇਆ ਸੀ। ਬਾਕਾਇਦਾ ਮਸਜਿਦਾਂ ਵਿਚੋਂ ਲੋਕਾਂ ਨੂੰ ਪਾਕਿਸਤਾਨੀ ਸ਼ਹਿ ਪ੍ਰਾਪਤ ਇਸ ਹਮਲੇ ਵਿਰੁੱਧ ਖੜ੍ਹੇ ਹੋਣ ਦੇ ਸੰਦੇਸ਼ ਦਿੱਤੇ ਗਏ ਸਨ।ਉਥੋਂ ਦੇ ਲੋਕਾਂ ਨੇ ਜਲੂਸ ਕੱਢ ਕੇ ਅਤੇ ਮੋਮਬੱਤੀ ਮਾਰਚ ਕਰਕੇ ਵੀ ਆਪਣਾ ਵਿਰੋਧ ਪ੍ਰਗਟ ਕੀਤਾ ਸੀ, ਪਰ ਇਸ ਦੇ ਬਾਵਜੂਦ ਦੇਸ਼ ਦੇ ਕਈ ਹਿੱਸਿਆਂ ਵਿਚ ਕਸ਼ਮੀਰੀ ਵਿਦਿਆਰਥੀਆਂ ਨੂੰ ਫ਼ਿਰਕੂ ਹਿੰਦੂ ਸੰਗਠਨਾਂ ਵਲੋਂ ਨਿਸ਼ਾਨਾ ਬਣਾਇਆ ਗਿਆ। ਦੇਸ਼ ਭਰ ਵਿਚ ਮੁਸਲਮਾਨਾਂ ਦੇ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ ਅਤੇ ਉਨ੍ਹਾਂ ਵਿਰੁੱਧ ਘਟੀਆ ਕਿਸਮ ਦੇ ਬਿਆਨ ਦਿੱਤੇ ਗਏ। ਹਿੰਦੂ ਭਾਈਚਾਰੇ ਅਤੇ ਮੁਸਲਿਮ ਭਾਈਚਾਰੇ ਵਿਚ ਵੱਧ ਰਹੇ ਇਹ ਮਤਭੇਦ ਅੰਦਰੂਨੀ ਤੌਰ 'ਤੇ ਦੇਸ਼ ਦੀ ਸੁਰੱਖਿਆ ਲਈ ਇਕ ਵੱਡਾ ਖ਼ਤਰਾ ਹਨ। ਦੇਸ਼ ਦੀਆਂ ਹੋਰ ਘੱਟਗਿਣਤੀਆਂ ਵੀ ਆਪਣੇ-ਆਪ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਰਾਜਨੀਤਕ ਤੌਰ 'ਤੇ ਦੇਸ਼ ਵਿਚ ਅਸਹਿਣਸ਼ੀਲਤਾ ਵਾਲਾ ਮਾਹੌਲ ਚੱਲ ਰਿਹਾ ਹੈ। ਸੱਤਾਧਾਰੀ ਭਾਜਪਾ ਅਤੇ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਵਿਚਕਾਰ ਸੰਵਾਦ ਘੱਟ ਤੇ ਟਕਰਾਅ ਜ਼ਿਆਦਾ ਹੋ ਰਿਹਾ ਹੈ। ਜਮਹੂਰੀ ਵਿਵਸਥਾ ਨੂੰ ਬਿਹਤਰ ਢੰਗ ਨਾਲ ਚਲਾਉਣ ਲਈ ਸਿਆਸੀ ਮਤਭੇਦਾਂ ਦੇ ਬਾਵਜੂਦ ਸਿਆਸੀ ਦਲਾਂ ਅਤੇ ਉਨ੍ਹਾਂ ਦੇ ਆਗੂਆਂ ਵਿਚਕਾਰ ਸਦਭਾਵਨਾ ਵਾਲੇ ਰਿਸ਼ਤੇ ਹੋਣੇ ਬੇਹੱਦ ਜ਼ਰੂਰੀ ਹਨ। ਨਕਸਲਵਾਦ ਵਿਰੁੱਧ ਭਾਵੇਂ ਕੇਂਦਰੀ ਏਜੰਸੀਆਂ ਸਖ਼ਤੀ ਨਾਲ ਕੰਮ ਕਰ ਰਹੀਆਂ ਹਨ। ਪਰ ਕਬਾਇਲੀ ਇਲਾਕਿਆਂ ਵਿਚ ਜਿਸ ਤਰ੍ਹਾਂ ਨਿੱਜੀਕਰਨ ਦੇ ਨਾਂਅ ਹੇਠ ਲੋਕਾਂ ਨੂੰ ਜਲ, ਜੰਗਲ, ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ, ਉਸ ਕਾਰਨ ਲੋਕਾਂ ਵਿਚ ਇਹ ਵਧ ਰਹੀ ਬੇਚੈਨੀ ਅੰਦੋਲਨ ਦੇ ਕਿਸੇ ਨਵੇਂ ਰੂਪ ਵਿਚ ਮੁੜ ਉੱਭਰ ਸਕਦੀ ਹੈ। ਨਕਸਲਵਾਦ ਨੂੰ ਖ਼ਤਮ ਕਰਨ ਲਈ ਕਬਾਇਲੀ ਇਲਾਕਿਆਂ ਵਿਚ ਸਥਾਨਕ ਲੋਕਾਂ ਦੀ ਰੋਜ਼ੀ-ਰੋਟੀ ਦੀ ਗਾਰੰਟੀ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਵਿਕਾਸ ਲਈ ਹੋਰ ਵੀ ਬਹੁਤ ਕੁਝ ਕਰਨ ਦੀ ਲੋੜ ਹੈ।

ਕੇਂਦਰ ਸਰਕਾਰ ਦੀਆਂ ਆਰਥਿਕ ਨੀਤੀਆਂ ਕਾਰਨ ਵੀ ਗ਼ਰੀਬਾਂ ਅਤੇ ਅਮੀਰਾਂ ਵਿਚਕਾਰ ਪਾੜਾ ਬੇਹੱਦ ਵਧਦਾ ਜਾ ਰਿਹਾ ਹੈ। ਦੇਸ਼ ਦੇ 5 ਫ਼ੀਸਦੀ ਲੋਕਾਂ ਕੋਲ ਦੇਸ਼ ਦੀ 40 ਫ਼ੀਸਦੀ ਤੱਕ ਸੰਪਤੀ ਜਮ੍ਹਾਂ ਹੋ ਚੁੱਕੀ ਹੈ। ਕੇਂਦਰੀ ਸਰਕਾਰ ਕੁਝ ਗਿਣੇ-ਚੁਣੇ ਸਨਅਤਕਾਰਾਂ ਤੇ ਵਪਾਰੀਆਂ ਨੂੰ, ਦੇਸ਼ ਦੇ ਕੁਦਰਤੀ ਸਰੋਤ ਅਤੇ ਵਿਕਾਸ ਦੇ ਹੋਰ ਸਾਰੇ ਸਾਧਨ ਸੌਂਪਦੀ ਜਾ ਰਹੀ ਹੈ। ਛੋਟੇ ਸਨਅਤਕਾਰ, ਛੋਟੇ ਵਪਾਰੀ, ਕਿਸਾਨ ਤੇ ਮਜ਼ਦੂਰ ਆਦਿ ਮਿਹਨਤਸ਼ ਵਰਗਾਂ ਦਾ ਸ਼ੋਸ਼ਣ ਵਧ ਰਿਹਾ ਹੈ ਅਤੇ ਉਹ ਆਪੋ-ਆਪਣੇ ਮੁੱਦਿਆਂ ਨੂੰ ਲੈ ਕੇ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਨ ਲਈ ਮਜਬੂਰ ਹੋ ਰਹੇ ਹਨ। ਆਰਥਿਕ ਨੀਤੀਆਂ ਦਾ ਅਸਾਵਾਂਪਨ ਵੀ ਦੇਸ਼ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਹੈ।

ਉਪਰੋਕਤ ਚਰਚਾ ਦੇ ਸੰਦਰਭ ਵਿਚ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਭਾਵੇਂ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਵਿਰੁੱਧ 'ਆਪ੍ਰੇਸ਼ਨ ਸੰਧੂਰ' ਦੇ ਰੂਪ ਵਿਚ ਕਾਰਵਾਈ ਕਰਕੇ ਅੱਤਵਾਦ ਨਾਲ ਲੜਨ ਸੰਬੰਧੀ ਆਪਣੀ ਦ੍ਰਿੜ੍ਹ ਇੱਛਾ ਦਾ ਪ੍ਰਗਟਾਵਾ ਕੀਤਾ ਹੈ, ਪਰ ਇਸ ਸਮੇਂ ਦੌਰਾਨ ਜਿਸ ਤਰ੍ਹਾਂ ਦਾ ਵਤੀਰਾ ਚੀਨ ਦਾ ਰਿਹਾ ਹੈ, ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਆਪ੍ਰੇਸ਼ਨ 'ਸੰਧੂਰ' ਤੋਂ ਬਾਅਦ ਵੀ ਭਾਰਤ ਲਈ ਬਾਹਰੀ ਤੇ ਅੰਦਰੂਨੀ ਸੁਰੱਖਿਆ ਚੁਣੌਤੀਆਂ ਘੱਟ ਨਹੀਂ ਹੋਈਆਂ ਸਗੋਂ ਇਹ ਹੋਰ ਵਧਦੀਆਂ ਹੀ ਨਜ਼ਰ ਆ ਰਹੀਆਂ ਹਨ। ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਨੂੰ ਬਾਹਰੀ ਚੁਣੌਤੀਆਂ ਦਾ ਸਖ਼ਤੀ ਨਾਲ ਮੁਕਾਬਲਾ ਕਰਨ ਲਈ ਦੇਸ਼ ਦੀ ਫ਼ੌਜੀ ਸਮਰੱਥਾ ਵਧਾਉਣ ਦੀ ਲੋੜ ਹੈ। ਖ਼ਾਸ ਕਰਕੇ ਫ਼ੌਜ ਵਿਚ ਚਾਰ ਸਾਲਾਂ ਦੀ ਭਰਤੀ ਦੀ ਅਗਨੀਵੀਰ ਸਕੀਮ ਨੂੰ ਤੁਰੰਤ ਬੰਦ ਕਰਕੇ ਪੱਕੀ ਭਰਤੀ ਦਾ ਸਿਲਸਿਲਾ ਮੁੜ ਸ਼ੁਰੂ ਕਰਨਾ ਚਾਹੀਦਾ ਹੈ। ਫ਼ੌਜ ਵਿਚ ਜੋ ਡੇਢ ਲੱਖ ਦੇ ਲਗਭਗ ਜਵਾਨਾਂ ਦੀ ਕਮੀ ਕੀਤੀ ਗਈ ਹੈ, ਉਸ ਬਾਰੇ ਵੀ ਮੁੜ ਤੋਂ ਸੋਚਣਾ ਚਾਹੀਦਾ ਹੈ। ਦੂਜੇ ਪਾਸੇ ਦੇਸ਼ ਦੀਆਂ ਅੰਦਰੂਨੀ ਸੁਰੱਖਿਆ ਚੁਣੌਤੀਆਂ ਨਾਲ ਨਿਪਟਣ ਲਈ ਕੇਂਦਰੀ ਸਰਕਾਰ ਨੂੰ ਆਪਣੀਆਂ ਨੀਤੀਆਂ ਵਿਚ ਵੱਡੀ ਤਬਦੀਲੀ ਕਰਕੇ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਖ਼ਾਸ ਕਰਕੇ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਨੂੰ ਆਪਣੀ ਫ਼ਿਰਕੂ ਧਰੁਵੀਕਰਨ ਦੀ ਨੀਤੀ 'ਤੇ ਤੁਰੰਤ ਰੋਕ ਲਾਉਣੀ ਚਾਹੀਦੀ ਹੈ। ਸਾਰੇ ਦੇਸ਼ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਧਰਮਾਂ ਤੇ ਜਾਤਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ ਸਾਰੇ ਦੇਸ਼ ਦੇ ਲੋਕਾਂ ਨੂੰ ਸਨਮਾਨ ਮਿਲਣਾ ਚਾਹੀਦਾ ਹੈ। ਰਾਜਨੀਤਕ, ਧਾਰਮਿਕ ਤੇ ਸੱਭਿਆਚਾਰਕ ਵਿਭਿੰਨਤਾ ਹੀ ਭਾਰਤ ਦੀ ਤਾਕਤ ਹੈ, ਇਸ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।

**ਧੰਨਵਾਦ ਸਹਿਤ**

**ਸਤਨਾਮ ਸਿੰਘ ਮਾਣਕ 'ਅਜੀਤ'**

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

13. ਕਰਨਲ ਗੁਰਮੀਤ ਸਿੰਘ ਲੁਬਾਣਾ ਭਾਰਤ ਸਰਕਾਰ ਦੀ ਇੰਡੀਅਨ ਪੋਸਟਲ ਸਰਵਿਸ ਦੇ ਜਾਇੰਟ ਸੈਕਟਰੀ ਅਹੁਦੇ ਤੋਂ ਸੇਵਾ ਮੁਕਤ ਹੋਣ ਉਪ੍ਰੰਤ ਸੁਪਰੀਮ ਕੋਰਟ ਵਿਖੇ ਪ੍ਰੈਕਟਿਸ ਕਰ ਰਹੇ ਹਨ। ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਘੁਮੰਤਰੂ ਸਮਾਜ ਕਮੇਟੀ ਦੇ ਚੇਅਰਮੈਨ ਵੀ ਹਨ। ਜੀਵਨ ਵਿੱਚ ਉੱਤਮ ਦਰਜੇ ਦੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦੇ ਹੋਏ ਲੁਬਾਣਾ ਵੈਲਫੇਅਰ ਟਰੱਸਟ ਵੱਲੋਂ ਉਹਨਾਂ ਨੂੰ ਜੀਵਨ ਭਰ ਲਈ ਟਰੱਸਟ ਦਾ ਆਨਰੇਰੀ ਪੈਟਰਨ ਨਿਯੁਕਤ ਕੀਤਾ ਗਿਆ ਹੈ।

ਕਰਨਲ ਸਾਹਿਬ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਦੀ ਉਸਾਰੀ ਵਿੱਚ ਨਿੱਘਰ ਯੋਗਦਾਨ ਪਾ ਰਹੇ ਹਨ। ਉਨ੍ਹਾਂ ਸਦਕਾ ਦਿੱਲੀ ਕਮੇਟੀ ਵੱਲੋਂ ਇਕ ਲੱਖ ਰੁਪਏ ਦੀ ਸਹਾਇਤਾ ਪ੍ਰਾਪਤ ਹੋਈ ਹੈ।ਉਹਨਾਂ ਆਪ ਇੱਕ ਲੱਖ ਰੁਪਏ ਦਾਨ ਵਜੋਂ ਦਿੱਤੇ ਹਨ।ਆਪਣੇ ਬੇਟੇ ਕੈਪਟਨ ਪੁਸ਼ਪਿੰਦਰ ਸਿੰਘ ਅਤੇ ਭਤੀਜੇ ਪ੍ਰਮਜੀਤ ਸਿੰਘ ਨੂੰ ਪੰਜਾਹ ਹਜ਼ਾਰ ਰੁਪਏ ਦੇ ਪੈਟਰਨ ਮੈਂਬਰ ਬਣਾਇਆ ਹੈ। ਮੁੱਖ ਹਾਲ ਦੀ ਛੱਤ ਤੇ ਲੱਗੀਆਂ ਟਾਈਲਾਂ ਵੀ ਉਨ੍ਹਾਂ ਭਜਵਾਈਆਂ ਸਨ। ਕਰਨਲ ਸਾਹਿਬ ਮੇਰੇ ਬਹੁਤ ਹੀ ਸੀਨੀਅਰ ਵਿਦਿਆਰਥੀ ਅਤੇ ਅਜ਼ੀਜ਼ ਮਿੱਤਰ ਹਨ।

**ਕੁਝ ਹੋਰ ਸਮਾਜਿਕ ਸੰਸਥਾਵਾਂ ਪ੍ਰਤੀ ਬਣਦਾ ਯੋਗਦਾਨ**

**1. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ** : ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਦੇ ਅਨਿਨ ਸੇਵਕ ਅਤੇ ਦ੍ਰਿੜ ਨਿਸਚੇ ਵਾਲੇ ਸਿੱਖ ਸਨ। 'ਗੁਰੂ ਲਾਧੋ ਰੇ' ਸਾਖੀ ਦੇ ਇਸ ਅਦੁਤੇ ਪਾਤਰ ਨੇ ਬੜੀ ਸਿਆਣਪ ਅਤੇ ਸ਼ਰਧਾ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਗਟ ਕਰਕੇ ਸਿੱਖ ਜਗਤ ਵਿੱਚ ਭਾਰੀ ਪਰਉਪਕਾਰ ਕੀਤਾ। ਉਹ ਇਹ ਕਾਰਨਾਮਾ ਕਰਕੇ ਲੁਬਾਣਾ ਬਰਾਦਰੀ ਦਾ ਨਾਮ ਸਾਰੇ ਸੰਸਾਰ ਵਿੱਚ ਰੋਸ਼ਨ ਕਰ ਗਏ। ਉਸ ਮਾਇਆ ਨਾਜ਼ ਹਸਤੀ ਦੀ ਪਾਵਨ ਯਾਦ ਨੂੰ ਸਮਰਪਿਤ ਇਕ ਸਿਰਮੌਰ ਸੰਸਥਾ ਦੀ ਸਥਾਪਨਾ ਸ਼ਲਾਘਾਯੋਗ ਉੱਦਮ ਸੀ। ਇਸ ਲਈ ਨੌਵੇਂ ਗੁਰੂ ਜੀ ਦੇ 1975 ਵਿੱਚ ਹੋਏ ਤਿੰਨ ਸੌ ਸਾਲਾ ਸ਼ਤਾਬਦੀ ਸ਼ਹੀਦੀ ਪੁਰਬ ਤੋਂ ਪ੍ਰੇਰਨਾ ਮਿਲੀ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਮਿਤੀ 6 ਜੂਨ 1975 ਨੂੰ ਰਜਿਸਟਰ ਕਰਵਾ ਦਿੱਤੀ ਗਈ। ਮਿਤੀ 29.4.1978 ਨੂੰ ਚੰਡੀਗੜ੍ਹ ਦੇ ਸੈਕਟਰ 30-ਏ ਵਿੱਚ 6563 ਵਰਗ ਗਜ਼ ਦਾ ਪਲਾਟ ਅਲਾਟ ਕਰਵਾ ਲਿਆ ਗਿਆ ਸੀ।

ਕਰਨਲ ਪ੍ਰਤਾਪ ਸਿੰਘ ਅਤੇ ਇੰਜ. ਸਰਦਾਰਾ ਸਿੰਘ ਨੇ ਸ. ਸਵਰਨ ਸਿੰਘ ਮੁਹਾਲੀ ਅਤੇ ਮੇਜਰ ਰਣਜੀਤ ਸਿੰਘ ਹੁਰਾਂ ਨੂੰ ਨਾਲ ਲੈ ਕੇ ਇਸ ਮਹਾਨ ਕਾਰਜ ਨੂੰ ਸਰ ਅੰਜਾਮ ਦਿੱਤਾ। ਮੈਨੂੰ ਆਪਣੇ ਸੇਵਾ ਕਾਲ ਦੌਰਾਨ ਮਈ 1963 ਤੋਂ ਜੁਲਾਈ 1970 ਤੱਕ ਸੱਤ ਸਾਲਾਂ ਲਈ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਵਿਖੇ ਸੇਵਾ ਕਰਨ ਦਾ ਮੌਕਾ ਮਿਲਿਆ। ਕੋਈ ਸਾਂਝੀ ਸੰਸਥਾ ਸਥਾਪਿਤ ਕਰਨ ਦੀਆਂ ਗੱਲਾਂ ਉਦੋਂ ਵੀ ਬਰਾਦਰੀ ਵਿੱਚ ਹੋਇਆ ਕਰਦੀਆਂ ਸਨ। ਮੈਂ ਵੀ ਸ਼ੁਰੂ ਵਿੱਚ ਹੀ ਇਸ ਮਹਾਨ ਕਾਰਜ ਵਿੱਚ ਸ਼ਾਮਿਲ ਹੋ ਗਿਆ ਸਾਂ। ਮਿਤੀ 27.10.1979 ਨੂੰ ਪਹਿਲੀ ਹੋਈ ਚੋਣ ਤੋਂ ਬਾਅਦ ਬਣੀ ਐਗਜ਼ੈਕਟਿਵ ਕਮੇਟੀ ਦਾ ਮੈਂਬਰ ਅਤੇ ਮੀਤ ਪ੍ਰਧਾਨ ਥਾਪ ਦਿੱਤਾ ਗਿਆ। ਉਸ ਤੋਂ ਬਾਅਦ ਸਾਰੀ ਉਮਰ ਫਾਊਂਡੇਸ਼ਨ ਦੀਆਂ ਸਭ ਪ੍ਰਕਾਰ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦਾ ਰਿਹਾ। ਇਸ ਸੰਦਰਭ ਵਿੱਚ ਕੁਝ ਵਰਣਨਯੋਗ ਸੇਵਾਵਾਂ ਅਤੇ ਪ੍ਰਾਪਤੀਆਂ ਇਸ ਪ੍ਰਕਾਰ ਹਨ :-

**1. ਲੁਬਾਣਾ ਸੇਵਕ ਮਾਸਿਕ ਪਤ੍ਰਿਕਾ** : ਇਸ ਤੇ ਆਏ ਸੰਕਟ ਸਮੇਂ ਅਪ੍ਰੈਲ 1981 ਤੋਂ ਅਪ੍ਰੈਲ 1987 ਤੱਕ 6 ਸਾਲਾਂ ਲਈ ਬਤੌਰ ਸੰਪਾਦਿਕ ਅਤੇ ਮੈਨੇਜਰ ਸੇਵਾ ਨਿਭਾਈ ਅਤੇ ਇਹ ਪਰਚਾ ਕਪੂਰਥਲੇ ਤੋਂ ਛਪ ਕੇ ਪ੍ਰਕਾਸ਼ਿਤ ਹੁੰਦਾ ਰਿਹਾ।

2. ਅਪਰੈਲ 1980 ਤੋਂ ਮੈਂਬਰ ਲੁਬਾਣਾ ਸੇਵਕ ਸਲਾਹਕਾਰ ਕਮੇਟੀ 10.01.2008 ਤੋਂ ਮੈਂਬਰ ਲੁਬਾਣਾ ਸੇਵਕ ਐਡੀਟੋਰੀਅਲ ਸਬ-ਕਮੇਟੀ।

3. ਇਨ੍ਹਾਂ 6 ਸਾਲਾਂ ਤੋਂ ਬਾਅਦ ਵੀ ਲਗਭਗ ਆਖਰੀ ਉਮਰ ਤੱਕ ਧਾਰਮਿਕ, ਸਮਾਜਿਕ ਅਤੇ ਵਾਤਾਵਰਣ ਨਾਲ ਸਬੰਧਤ ਵਿਸ਼ਿਆਂ ਤੇ ਗਾਹੇ ਬਗਾਹੇ ਕੁਝ ਨਾ ਕੁਝ ਲਿਖ ਕੇ ਲੁਬਾਣਾ ਸੇਵਕ ਵਿੱਚ ਛਪਣ ਲਈ ਭੇਜਦਾ ਰਿਹਾ ਹਾਂ। ਇਸ ਸੰਦਰਭ ਵਿੱਚ ਲੁਬਾਣਾ ਸੇਵਕ ਦੇ ਪਿਛਲੇ 50 ਸਾਲਾਂ ਦੀ ਦਿਲਚਸਪ ਦਾਸਤਾਨ, ਯਾਦਾਂ ਦੇ ਝਰੋਖੇ 'ਚੋਂ, ਹੇਮਕੁੰਟ ਪ੍ਰਬਤ ਹੈ ਜਹਾਂ, ਸਮਾਜ ਸੁਧਾਰ ਇਕ ਲੋਕ ਲਹਿਰ ਵਰਗੇ ਕੁਝ ਸੀਰੀਅਲ ਲਿਖਤਾਂ ਵਰਨਣ ਯੋਗ ਹਨ।

**(ਚਲਦਾ)**

## ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

40.

**ਸਰਹੰਦ ਕੇ ਨਵਾਬ ਕਾ ਫੱਕ ਰੰਗ ਹੋ ਗਿਆ।**
**ਲਸ਼ਕਰ ਕਾ ਹਾਲ ਦੇਖ ਕੇ ਵੁਹ ਦੰਗ ਹੋ ਗਿਆ।**
**ਸਤਿਗੁਰ ਕੀ ਤੇਗ਼ੋ ਤੀਰ ਸੇ ਜਬ ਤੰਗ ਹੋ ਗਿਆ।**
**ਜ਼ਾਲਿਮ ਕਾ ਦਿਲ ਜੁ ਸਖ਼ਤ ਥਾ, ਅਬ ਸੰਗ ਹੋ ਗਿਆ।**
**ਠਹਿਰਾਈ ਦਿਲ ਮੇਂ ਸਿੰਘੋਂ ਸੇ ਮੈਂ ਇੰਤਕਾਮ ਲੂੰ।**
**ਧੋਖੇ-ਫਰੇਬ ਸੇ ਮੈਂ ਸਹਰ ਲੂੰ, ਯਾ ਸ਼ਾਮ ਲੂੰ।**

ਜੰਗ ਦਾ ਹਾਲ ਜਾਣ ਕੇ ਸਰਹਿੰਦ ਦੇ ਨਵਾਬ ਦਾ ਚਿਹਰਾ ਉੱਤਰ ਗਿਆ, ਰੰਗ ਫੱਕ ਹੋ ਗਿਆ। ਮੈਦਾਨ 'ਚੋਂ ਭੱਜ ਕੇ ਆਈ ਫ਼ੌਜ ਦਾ ਹਾਲ ਵੇਖ ਕੇ ਉਸ ਨੂੰ ਬੜੀ ਹੈਰਾਨੀ ਹੋਈ। ਸਤਿਗੁਰਾਂ ਵਲੋਂ ਵਾਹੀ ਤੇਗ਼ ਅਤੇ ਚਲਾਏ ਤੀਰਾਂ ਦੇ ਚਰਚੇ ਸੁਣ ਕੇ ਜ਼ਾਲਮ ਦਾ ਦਿਲ ਜੋ ਪਹਿਲਾਂ ਹੀ ਬੜਾ ਸਖ਼ਤ ਸੀ, ਹੁਣ ਪੂਰੀ ਤਰ੍ਹਾਂ ਪੱਥਰ ਬਣ ਗਿਆ। ਉਸ ਨੇ ਦਿਲ ਵਿਚ ਨਿਸ਼ਚਾ ਕਰ ਲਿਆ ਕਿ ਸਿੰਘਾਂ ਪਾਸੋਂ ਹੋਈ ਹਾਰ ਦਾ ਬਦਲਾ ਆਵੱਸ਼ ਲੈਣਾ ਹੈ। ਸਿੱਧੀ ਲੜਾਈ ਤਾਂ ਲੜੀ ਹੀ ਨਹੀਂ ਜਾ ਸਕਦੀ, ਇਸ ਲਈ ਧੋਖੇ-ਫ਼ਰੇਬ ਦਾ ਸਹਾਰਾ ਲੈਂਦੇ ਹੋਏ, ਕਿਸੇ ਸ਼ਾਮ ਨੂੰ ਹੋਵੇ ਜਾਂ ਸਵੇਰੇ, ਮੈਂ ਬਦਲਾ ਜ਼ਰੂਰ ਲਵਾਂਗਾ।

41.

**ਤਾਰੀਖ਼ ਮੇਂ ਲਿਖਾ ਹੈ ਕਿ ਦਰ-ਜੋਸ਼-ਕਾਰਜ਼ਾਰ।**
**ਸਤਿਗੁਰ ਬੜ੍ਹਾਤੇ ਹੀ ਗਏ ਆਗੇ ਕੋ ਰਾਹਵਾਰ।**
**ਹਮਰਾਹ ਰਹਿ ਗਏ ਥੇ ਗ਼ਰਚਿ ਚੰਦ ਜਾਂ-ਨਿਸਾਰ।**
**ਫ਼ਰਜ਼ੰਦੋਂ ਮੇਂ ਥੇ ਸਾਥ ਅਜੀਤ ਔਰ ਜੁਝਾਰ।**
**ਜ਼ੋਰਾਵਰ ਔਰ ਫ਼ਤਹਿ ਜੁ ਦਾਦੀ ਕੇ ਸਾਥ ਥੇ।**
**ਦਾਏਂ ਕੀ ਜਗਹ ਚਲ ਦੀਏ ਵੁਹ ਬਾਏਂ ਹਾਥ ਥੇ।**

ਇਤਿਹਾਸਾਂ ਵਿਚ ਅਜਿਹਾ ਜ਼ਿਕਰ ਲਿਖਿਆ ਮਿਲਦਾ ਹੈ ਕਿ ਜੰਗ ਦੇ ਜੋਸ਼ ਵਿਚ ਸਤਿਗੁਰੂ ਜੀ ਘੋੜੇ ਨੂੰ ਅੱਗੇ ਵਧਾਂਦੇ ਚਲੇ ਗਏ। ਗੁਰੂ ਜੀ ਨਾਲ ਇਸ ਸਮੇਂ ਗਿਣਤੀ ਦੇ ਹੀ ਜਾਨਾਂ ਵਾਰਨ ਵਾਲੇ ਸਾਥੀ ਰਹਿ ਗਏ ਸਨ। ਸਾਹਿਬਜ਼ਾਦਿਆਂ ਵਿਚੋਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਜੀ ਨਾਲ ਸਨ। ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ, ਜੋ ਦਾਦੀ ਜੀ ਨਾਲ ਸਨ, ਉਹ ਸੱਜੇ ਪਾਸੇ ਵੱਲ ਜਾਣ ਦੀ ਥਾਂ ਖੱਬੇ ਹੱਥ ਜਾਣ ਵਾਲੇ ਰਾਹ ਪੈ ਗਏ।

42.

**ਹਰ ਚੰਦ ਕੀ ਤਲਾਸ਼ ਨਾ ਪਾਯਾ ਨਿਸ਼ਾਂ ਕਹੀਂ।**
**ਛੋੜਾ ਥਾ ਜਿਸ ਜਗਹ ਪੇ ਨਹੀਂ ਥੇ ਵਹਾਂ ਕਹੀਂ।**
**ਪਾ ਜਾਏਂ, ਫ਼ਿਕਰ ਥਾ ਨਾ ਉਨ੍ਹੇਂ ਦੁਸ਼ਮਨ ਕਹੀਂ।**
**ਮਾਤਾ ਤੇ ਸਾਥ ਚਲ ਦੀਏ ਸ਼ਹਿਜ਼ਾਦਗਾਂ ਕਹੀਂ।**
**ਲਖ਼ਤਿ-ਜਿਗਰ ਹਜ਼ੂਰ ਕੇ, ਜਿਸ ਦਮ ਬਿਛੜ ਗਏ।**
**ਪਾਉਂ ਵਹੀਂ ਵੁਫ਼ੂਰਿ-ਮੁਹੱਬਤ ਸੇ ਗੜ ਗਏ।**

ਪਰਿਵਾਰ ਦੇ ਵਿਛੜੇ ਹੋਏ ਸਾਥੀਆਂ ਦੀ ਬੜੀ ਖੋਜ ਕੀਤੀ ਗਈ, ਪ੍ਰੰਤੂ ਕੋਈ ਪਦ-ਚਿੰਨ੍ਹ ਨਾ ਮਿਲਿਆ। ਜਿਸ ਥਾਂ ਉਨ੍ਹਾਂ ਦਾ ਸਾਥ ਛੁੱਟੇ ਹੋਣ ਦਾ

ਸੰਦੇਹ ਸੀ, ਉਥੇ ਵੀ ਨਾ ਮਿਲੇ। ਵੱਡੀ ਚਿੰਤਾ ਇਸ ਗੱਲ ਦੀ ਲੱਗੀ ਕਿ ਕਿਤੇ ਦੁਸ਼ਮਣ ਦੇ ਹੱਥ ਨਾ ਲੱਗ ਗਏ ਹੋਣ। ਦੋਵੇਂ ਛੋਟੇ ਸਾਹਿਬਜ਼ਾਦੇ ਆਪਣੇ ਪੂਜ ਦਾਦੀ ਜੀ ਨਾਲ ਕਿਸੇ ਹੋਰ ਪਾਸੇ ਚਲੇ ਗਏ ਸਨ। ਜਿਸ ਸਮੇਂ ਸਤਿਗੁਰਾਂ ਦੇ ਦਿਲ ਦੇ ਟੁਕੜੇ ਆਪ ਜੀ ਤੋਂ ਵਿੱਛੜੇ, ਇੰਤਹਾ ਮੁਹੱਬਤ ਕਾਰਨ ਆਪ ਜੀ ਦੇ ਪੈਰ ਉਥੇ ਹੀ ਰੁਕ ਗਏ।

43.

**ਫੌਰਨ ਮਰਾਕਬੇ ਮੇਂ ਗਏ ਪੀਰਿ ਖ਼ੁਸ਼-ਖ਼ਿਸਾਲ।**
**ਚੌਦਹ ਤਬਕ ਕਾ ਕਰ ਲੀਆ ਮਾਲੂਮ ਪਲ ਮੇਂ ਹਾਲ।**
**ਫ਼ੁਰਮਾਏ ਜਾਂ-ਨਿਸਾਰੋਂ ਸੇ, ਕਯੋਂ ਹੋਤੇ ਹੋ ਨਿਢਾਲ?**
**ਮਾਤਾ ਕੇ ਸਾਥ ਚਲ ਦੀਏ ਕੁਰਬਾਨ ਹੋਨੇ ਲਾਲ।**
**ਬੁਨਿਯਾਦ ਮੇਂ ਧਰਮ ਕੀ, ਚੁਨੇਂਗੇ ਅਦੂ ਉਨ੍ਹੇਂ।**
**ਕਰਤਾਰ ਚਾਹਤਾ ਹੈ, ਕਰੇ ਸੁਰਖ਼ਰੂ ਉਨ੍ਹੇਂ।**

ਖ਼ੁਸ਼ ਤਬੀਅਤ ਵਾਲੇ ਪਾਤਸ਼ਾਹ ਉਸ ਸਮੇਂ ਸਮਾਧੀ ਵਿਚ ਜੁੜ ਗਏ। ਪਲ ਭਰ ਵਿਚ ਚੌਦਾਂ ਲੋਕਾਂ ਦੀ ਖ਼ਬਰ ਮਾਲੂਮ ਕਰ ਲਈ। ਬਹਾਦੁਰ ਸੂਰਮਿਆਂ ਨੂੰ ਸੰਬੋਧਤ ਹੋਏ ਤੇ ਕਿਹਾ ਕਿ ਤੁਸੀਂ ਨਿਢਾਲ ਕਿਉਂ ਹੋ ਰਹੇ ਹੋ? ਸਾਡੇ ਛੋਟੇ ਸਪੁੱਤਰ ਸਾਡੇ ਮਾਤਾ ਜੀ ਨਾਲ ਕੁਰਬਾਨ ਹੋਣ ਵਾਸਤੇ ਚੱਲ ਪਏ ਹਨ। ਵੈਰੀ ਉਨ੍ਹਾਂ ਨੂੰ ਧਰਮ ਦੀ ਨੀਂਹ ਵਿਚ ਚਿਣ ਕੇ ਸ਼ਹੀਦ ਕਰਨਗੇ ਅਤੇ ਪਰਮੇਸ਼ਰ ਦੀ ਰਜ਼ਾ ਉਨ੍ਹਾਂ ਨੂੰ ਕਾਮਯਾਬੀ ਦੇਣ ਦੀ ਹੈ।

44.

**ਹਮ ਨੇ ਭੀ ਉਸ ਮੁਕਾਮ ਪਰ ਜਾਨਾ ਹੈ ਜਲਦ ਤਰ।**
**ਜਿਸ ਜਗ੍ਹਾ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ।**
**ਹੋਂਗੇ ਸ਼ਹੀਦ ਲੜ ਕੇ ਯੇਹ ਬਾਕੀ ਕੇ ਦੋ ਪਿਸਰ।**
**ਰਹ ਜਾਊਂਗਾ ਇਕੇਲਾ ਮੈਂ ਕੱਲ ਤਕ ਲੁਟਾ ਕੇ ਘਰ।**
**ਪਹਿਲੇ ਪਿਤਾ ਕਟਾਯਾ, ਅਬ ਬੇਟੇ ਕਟਾਊਂਗਾ।**
**ਨਾਨਕ ਕਾ ਬਾਗ਼ ਖ਼ੂਨਿ-ਜਿਗਰ ਸੇ ਖਿਲਾਊਂਗਾ।**

ਗੁਰੂ ਜੀ ਨੇ ਫ਼ੁਰਮਾਇਆ ਕਿ ਅਸੀਂ ਵੀ ਸਾਰਿਆਂ ਨੇ ਜਲਦੀ ਤੋਂ ਜਲਦੀ ਉਸ ਟਿਕਾਣੇ ਅੱਪੜਨਾ ਹੈ, ਜਿਥੇ ਤੁਹਾਨੂੰ ਸਭ ਨੂੰ ਕੁਰਬਾਨੀ ਦੇਣੀ ਹੋਵੇਗੀ। ਇਹ ਬਾਕੀ ਰਹਿੰਦੇ ਦੋਵੇਂ ਸਾਹਿਬਜ਼ਾਦੇ ਵੀ ਜੰਗ ਵਿਚ ਜੂਝ ਕੇ ਸ਼ਹੀਦ ਹੋ ਜਾਣਗੇ। ਮੈਂ ਸਾਰਾ ਘਰ ਕੌਮ ਦੀ ਖ਼ਾਤਰ ਲੁਟਾ ਕੇ ਕੱਲ੍ਹ ਨੂੰ ਇਕੱਲਾ ਹੀ ਰਹਿ ਜਾਵਾਂਗਾ। ਪਹਿਲੇ ਮੈਂ ਪਿਤਾ ਨੂੰ ਸ਼ਹੀਦ ਕਰਾਇਆ ਸੀ, ਹੁਣ ਬੇਟੇ ਸ਼ਹੀਦ ਕਰਾਵਾਂਗਾ ਅਤੇ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਲਾਈ ਹੋਈ ਫੁਲਵਾੜੀ ਨੂੰ ਜਿਗਰ ਦਾ ਖ਼ੂਨ ਪਾ ਕੇ ਖਿੜਾਵਾਂਗਾ। **(ਚਲਦਾ)**

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

### ਅਰੋੜਾ ਬਰਾਦਰੀ ਦੀ ਸ਼ਰਧਾ ਤੇ ਸੇਵਾ

ਮੁਰਾਲੇ ਦੇ ਨੇੜੇ ਬਹੁਤ ਸਾਰੇ ਪਿੰਡਾਂ ਵਿਚ ਅਰੋੜਾ ਬਰਾਦਰੀ ਦੀ ਵਸੋਂ ਸੀ। ਇਨ੍ਹਾਂ ਦਾ ਕਾਰੋਬਾਰ ਯੂ.ਪੀ., ਬਿਹਾਰ, ਮਹਾਂਰਾਸ਼ਟਰ ਆਦਿ ਸੂਬਿਆਂ ਵਿਚ ਸੀ। ਇਹ ਕੱਪੜਾ ਅੰਮ੍ਰਿਤਸਰ, ਕਾਹਨਪੁਰ ਆਦਿ ਮੰਡੀਆਂ ਵਿਚੋਂ ਲਿਜਾ ਕੇ ਉਨ੍ਹਾਂ ਪ੍ਰਾਂਤਾਂ ਵਿਚ ਉਧਾਰ ਵੇਚ ਆਉਂਦੇ ਸਨ ਅਤੇ ਫਸਲ ਦੇ ਦਿਨਾਂ ਵਿਚ ਉਥੇ ਜਾ ਕੇ ਫਿਰ ਉਗਰਾਹੀ ਕਰਕੇ ਆ ਜਾਂਦੇ ਸਨ। ਕਈ ਸਾਲਾਂ ਤੋਂ ਇਨ੍ਹਾਂ ਦਾ ਵਪਾਰ ਇਸੇ ਤਰ੍ਹਾਂ ਹੀ ਚਲਦਾ ਰਿਹਾ। ਕਈ ਇਨ੍ਹਾਂ ਵਿਚੋਂ ਜੋ ਮੋਟੇ ਸ਼ਾਹੂਕਾਰ ਸਨ, ਇਨ੍ਹਾਂ ਨੂੰ ਸੂਦ ਤੇ ਰੁਪਇਆ ਦੇਂਦੇ ਸਨ। ਜਿਸ ਰੁਪਏ ਨਾਲ ਇਹ ਕੱਪੜਾ ਖਰੀਦ ਕੇ ਕੱਪੜੇ ਦਾ ਵਪਾਰ ਕਰਦੇ ਸਨ।

ਇਨ੍ਹਾਂ ਮਕਾਨ ਭੀ ਬਹੁਤ ਚੰਗੇ-ਚੰਗੇ ਬਣਾਏ ਹੋਏ ਸਨ। ਅਰੋੜਾ ਬਰਾਦਰੀ ਦਾ ਰਹਿਣ-ਸਹਿਣ, ਖਾਣਾ-ਪੀਣਾ ਅਤੇ ਪਹਿਰਾਵਾ ਭੀ ਬਹੁਤ ਚੰਗਾ ਸੀ। ਇਸ ਇਲਾਕੇ ਦੀ ਅਰੋੜਾ ਬਰਾਦਰੀ ਨੇ ਸਭ ਤੋਂ ਪਹਿਲਾਂ ਨਜ਼ਦੀਕੀ ਰਿਸ਼ਤੇ ਵਿਚ ਸਕੀਆਂ ਭੈਣਾਂ ਦਾ, ਭੈਣ ਤੇ ਭਰਾ ਦਾ ਰਿਸ਼ਤਾ ਅਰਥਾਤ ਮਾਮੇ, ਫੁੱਫੀ ਆਦਿ ਦੇ ਰਿਸ਼ਤੇ ਕਰਨੇ ਇਨ੍ਹਾਂ ਹੀ ਸ਼ੁਰੂ ਕੀਤੇ ਸਨ। ਇਹ ਸ਼ਾਦੀਆਂ ਵਿਚ ਬਹੁਤ ਖਰਚ ਕਰਦੇ ਸਨ। ਇਨ੍ਹਾਂ ਦੀਆਂ ਬਰਾਤਾਂ ਘੋੜੀਆਂ ਤੇ ਜਾਂਦੀਆਂ ਸਨ। ਅਸਤਬਾਜ਼ੀ, ਗੋਲੇ, ਵਾਜੇ ਆਦਿ ਦੀ ਵਰਤੋਂ ਬੜੇ ਜ਼ੋਰ-ਸ਼ੋਰ ਨਾਲ ਕਰਦੇ ਸਨ। ਜ਼ੇਵਰ, ਕੱਪੜੇ ਆਦਿ ਤੇ ਬਹੁਤ ਖਰਚ ਕਰਦੇ ਸਨ। ਇਹ ਬਰਾਦਰੀ ਬੱਚਿਆਂ ਨੂੰ ਕੋਈ ਬਹੁਤਾ ਪੜ੍ਹਾਉਣ ਦੇ ਹੱਕ ਵਿਚ ਨਹੀਂ ਸੀ। ਬੱਚਿਆਂ ਨੂੰ ਥੋੜ੍ਹਾ ਪੜ੍ਹਾ ਕੇ ਆਪਣੇ ਵਪਾਰ ਦੇ ਕਾਰੋਬਾਰ ਵਿਚ ਲਾ ਲੈਂਦੇ ਤੇ ਬੱਚਿਆਂ ਨੂੰ ਗੁਰਮੁਖੀ ਵਿਦਿਆ ਦੀ ਪੜ੍ਹਾਈ ਗੁਰਦੁਆਰਿਆਂ ਵਿਚ ਹੀ ਕਰਵਾ ਦਿੰਦੇ ਸਨ। ਇਸੇ ਲਈ ਇਨ੍ਹਾਂ ਦੀਆਂ ਬੱਚੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਬਹੁਤ ਕਰ ਲੈਂਦੀਆਂ ਸਨ।

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਇੱਕ ਮਿਡਲ ਸਕੂਲ ਖਾਰੀਆਂ ਵਿਚ ਖੋਲ੍ਹਿਆ ਸੀ, ਪਰ ਕਿਤਨੇ ਸਾਲ ਉਹ ਮਿਡਲ ਸਕੂਲ ਹੀ ਰਿਹਾ। ਹੋ ਸਕਦਾ ਹੈ ਪਿਛੋਂ ਹਾਈ ਸਕੂਲ ਹੋ ਗਿਆ ਹੋਵੇ। ਉਸ ਦਾ ਕਾਰਨ ਇਹੋ ਸੀ ਕਿ ਇਨ੍ਹਾਂ ਨੂੰ ਬੱਚਿਆਂ ਨੂੰ ਪੜ੍ਹਾਉਣ ਦਾ ਸ਼ੌਕ ਨਹੀਂ ਸੀ। ਮੁਰਾਲੇ ਡੇਰੇ ਤੇ ਇਨ੍ਹਾਂ ਦੀ ਬੜੀ ਸ਼ਰਧਾ ਸੀ।

ਚਲਦਾ

● ● ●

**ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।**

● ● ●

## ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

# ਵਰਖਾ ਰੁੱਤ




ਇਸ ਰੁੱਤ ਦੇ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਬਾਰਸ਼ ਦੇ ਦਿਨ ਹਨ। ਇਸ ਰੁੱਤ ਵਿਚ ਆਪਣੇ ਸਰੀਰ ਸਬੰਧੀ ਖਾਣ, ਪੀਣ, ਸੌਣ, ਕਸਰਤ ਆਦਿ ਦਾ ਖਿਆਲ, ਮੌਸਮ ਮੁਤਾਬਕ ਕੀਤਾ ਜਾਂਦਾ ਹੈ। ਭਾਵੇਂ ਕਿ ਇਹ ਮੌਸਮ ਸਾਰਿਆਂ ਨੂੰ ਹੀ ਸੁਹਾਵਣਾ ਲੱਗਦਾ ਹੈ ਪਰ ਫਿਰ ਵੀ ਕਹਿੰਦੇ ਹਨ ਕਿ ਪੁਰਾਤਨ ਵੈਦ/ਹਕੀਮ ਤਾਂ ਕਰਦੇ ਹੀ ਸੀ ਪਰ ਅੱਜਕਲ੍ਹ ਦੇ ਵੈਦ/ਹਕੀਮ ਵੀ ਨਬਜ਼ ਦੇਖ ਕੇ ਹੀ ਪੂਰੇ ਸਰੀਰ ਦਾ ਮੁਆਇਨਾ (ਸਕੈਨਿੰਗ) ਕਰਨ ਦੇ ਕਾਬਲ ਹਨ। ਨਬਜ਼ ਤੋਂ ਹੀ ਹਰ ਬਿਮਾਰੀ ਨੂੰ ਲੱਭ ਕੇ ਉਪਚਾਰ ਕਰਨ ਦੀ ਸਲਾਹ ਦਿੰਦੇ ਹਨ।

ਇਸ ਰੁੱਤ ਵਿਚ ਸਾਉਣ-ਭਾਦਰੋਂ (ਜੁਲਾਈ-ਅਗਸਤ) ਦੇ ਮਹੀਨੇ ਆਉਂਦੇ ਹਨ। ਆਯੁਰਵੇਦ ਦੇ ਵਿਦਵਾਨਾਂ ਨੇ ਇਸ ਰੁੱਤ ਵਿਚ ਰੋਗਾਂ ਤੋਂ ਬਚਣ ਲਈ ਪ੍ਰਹੇਜ਼ ਦੱਸੇ ਹਨ ਜਿਵੇਂ ਕਿ ਵਰਖਾ ਵਿਚ ਭਿੱਜਣ ਤੋਂ ਬਚਣਾ ਚਾਹੀਦਾ ਹੈ। ਖੁਸ਼ਕ ਅਤੇ ਬਾਸੀ ਭੋਜਨ ਨਹੀਂ ਖਾਣਾ ਚਾਹੀਦਾ। ਜ਼ਿਆਦਾ ਕਸਰਤ ਵੀ ਨਹੀਂ ਕਰਨੀ ਚਾਹੀਦੀ। ਆਮ ਗਰਮੀ ਦੇ ਮੌਸਮ ਵਿਚ ਸੱਤੂ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਇਸ ਰੁੱਤ ਵਿਚ ਸੱਤੂ ਦਾ ਸੇਵਨ ਹਾਨੀਕਾਰਕ ਹੋ ਸਕਦਾ ਹੈ। ਇਸ ਬਾਰੇ ਇਕ ਅਖਾਣ ਵੀ ਆਮ ਪ੍ਰਚਲਤ ਹੈ -

**ਸਾਵਣ ਸੱਤੂ, ਚੇਤ ਗੁੜ, ਭਾਦੋਂ ਮੂਲੀ ਖਾਏ,**
**ਕਹੇ ਗੁਰੂ ਜੀ, ਬਾਲਕਾ ਰੋਗ ਵੱਡਾ ਬਣ ਜਾਏ।**

ਵਰਖਾ ਰੁੱਤ ਵਿਚ ਪਾਚਣ ਸ਼ਕਤੀ ਕਮਜ਼ੋਰ ਰਹਿੰਦੀ ਹੈ ਇਸ ਲਈ ਛੇਤੀ ਹਜ਼ਮ ਹੋਣ ਵਾਲਾ ਭੋਜਨ ਹੀ ਕਰਨਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਭਿੰਡੀ, ਕਰੇਲਾ, ਕੱਚਾ ਕੇਲਾ, ਬੇਂਗਣ, ਟਿੰਡੇ, ਪਾਲਕ ਆਦਿ ਨੂੰ ਚੰਗੀ ਤਰ੍ਹਾਂ ਧੋ ਕੇ ਸਾਫ਼ ਕਰਕੇ ਹੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਆਯੁਰਵੇਦਿਕ ਦੇ ਮਹਾਨ ਗਿਆਤਾ ਮਹਾਂਰਿਸ਼ੀ ਚਰਕ ਦੀਆਂ ਲਿਖੀਆਂ ਪੁਸਤਕਾਂ ਤੋਂ ਵੀ ਬਹੁਤ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਪਾਚਣ ਸ਼ਕਤੀ ਵਧਾਉਣ ਲਈ ਕੁਝ ਘਰੇਲੂ ਨੁਸਖੇ ਜਗ੍ਹਾ-ਜਗ੍ਹਾ ਮਿਲ ਜਾਂਦੇ ਹਨ ਜਿਵੇਂ ਕਿ ਅਦਰਕ, ਲਸਣ, ਪਿਆਜ਼, ਕਾਲੀ ਮਿਰਚ, ਹਰੀ ਮਿਰਚ, ਸਿਰਕਾ, ਪੁਦੀਨਾ, ਜ਼ੀਰਾ, ਹਿੰਗ, ਅਜਵਾਇਣ, ਰਾਈ, ਮੇਥੀ, ਸੇਂਧਾ ਨਮਕ ਆਦਿ ਵਰਤਣਾ (ਜ਼ਰੂਰਤ ਮੁਤਾਬਕ) ਚਾਹੀਦਾ ਹੈ। ਪੇਟ ਦੇ ਰੋਗਾਂ ਦੇ ਖਾਤਮੇ ਲਈ ਅਤੇ ਪਾਚਣ ਸ਼ਕਤੀ ਵਧਾਉਣ ਲਈ ਅਦਰਕ, ਲਸਣ, ਹਰੀ ਮਿਰਚ ਆਦਿ ਕੁੱਟ ਕੇ, ਵਿਚ ਨਿੰਬੂ ਦਾ ਰਸ ਨਚੋੜ ਕੇ ਕਾਲਾ ਨਮਕ ਵਿਚ ਪਾ ਕੇ ਖਾਣਾ ਚਾਹੀਦਾ ਹੈ। ਗੈਸ ਬਨਣ ਦੀ ਬਿਮਾਰੀ ਦੇ ਖਾਤਮੇ ਲਈ ਦੇਸੀ ਘੀ ਵਿਚ ਪਿਆਜ ਅਤੇ ਲਸਣ ਪਕਾ ਕੇ ਖਾਣਾ ਚਾਹੀਦਾ ਹੈ। ਭਾਵੇਂ ਅੱਜਕਲ੍ਹ ਵਾਟਰ ਫਿਲਟਰ ਬਹੁਤ ਕੰਪਨੀਆਂ ਦੇ ਆ ਗਏ ਹਨ ਪਰ ਫਿਰ ਵੀ ਨਾਰਮਲ ਪਾਣੀ ਨੂੰ ਉਬਾਲ ਕੇ ਠੰਡਾ ਕਰਕੇ ਪੀਣਾ ਚਾਹੀਦਾ ਹੈ ਜਾਂ ਪਾਣੀ ਵਿਚ ਥੋੜ੍ਹੀ ਫਟਕੜੀ ਦਾ ਟੁਕੜਾ ਘੁਮਾ ਕੇ ਭਾਂਡਾ ਪਿਆ ਰਹਿਣ ਦਿਉ, ਜਾਲਾ ਜਿਹਾ ਥੱਲੇ ਬੈਠ ਜਾਵੇਗਾ ਤੇ ਪਾਣੀ ਪੀਣ ਯੋਗ ਬਣ ਜਾਵੇਗਾ। ਸਰੀਰ ਤੇ ਸਰੋਂ ਦੇ ਤੇਲ ਦੀ ਮਾਲਸ਼ ਲਾਭਕਾਰੀ ਹੈ।

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**


ਉਸ ਅਕਾਲ ਪੁਰਖ ਵਾਹਿਗੁਰੂ ਦੀ ਰਚੀ ਹੋਈ ਅਮੋਲਕ ਅਦਭੁੱਤ ਸ੍ਰਿਸ਼ਟੀ 'ਚੋਂ ਮਨੁੱਖਾ ਜਨਮ ਸਭ ਤੋਂ ਉਤਮ ਹੈ ਤੇ ਬਾਕੀ ਸਾਰੀਆਂ ਹੀ ਜੂਨਾਂ ਦਾ ਅਗਰ ਬਾਦਸ਼ਾਹ ਵੀ ਕਹਿ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਦੁਨੀਆਂ ਵਿਚ ਇਨਸਾਨ ਲਈ ਬਹੁਤ ਪ੍ਰਕਾਰ ਦੇ ਪਦਾਰਥ ਹਨ। ਇਨ੍ਹਾਂ ਦਾ ਸੁੱਖ ਭੋਗਣ ਲਈ, ਅਨੰਦ ਲੈਣ ਲਈ, ਤੰਦਰੁਸਤੀ ਬਹੁਤ ਹੀ ਜ਼ਰੂਰੀ ਹੈ। ਸਿਹਤ ਸੰਭਾਲ ਕਰਨਾ ਸਾਡਾ ਧਰਮ ਹੈ। ਸਰੀਰ ਤੰਦਰੁਸਤ ਹੋਵੇਗਾ ਤਾਂ ਸਾਨੂੰ ਸਭ ਕੁਝ ਵਧੀਆ ਲੱਗੇਗਾ, ਅਗਰ ਤੰਦਰੁਸਤੀ ਨਹੀਂ, ਤਾਂ ਸਭ ਬੇਕਾਰ। ਇਹ ਜੋ ਮੈਂ ਲਿਖ ਰਿਹਾ ਹਾਂ ਕੋਈ ਨਵਾਂ ਨਹੀਂ ਹੈ ਹਰ ਇਕ ਪ੍ਰਾਣੀ ਇਸ ਤੋਂ ਜਾਣੂੰ ਹੈ ਪਰ ਜ਼ਰੂਰਤ ਹੈ ਸਾਨੂੰ ਕਿਸੇ ਲਈ ਨਹੀਂ ਆਪਣੇ ਆਪ ਲਈ ਸਿਨਸੀਅਰ ਹੋਣਾ ਚਾਹੀਦਾ ਹੈ। ਖਾਣ ਪੀਣ ਦੇ ਮਾਮਲੇ ਵਿਚ ਆਪਣੇ ਆਪ ਨੂੰ ਸਾਨੂੰ ਧੋਖਾ ਨਹੀਂ ਦੇਣਾ ਚਾਹੀਦਾ। ਜੋ ਸਾਡੇ ਗਲੇ ਤੋਂ ਥੱਲੇ ਗਿਆ ਉਸ ਦਾ ਖਾਮਿਆਜਾ ਸਾਨੂੰ ਹੀ ਭੁਗਤਣਾ ਪਵੇਗਾ ਭਾਵੇਂ ਲਾਭਕਾਰੀ ਹੈ ਜਾਂ ਹਾਨੀਕਾਰਕ। ਆਯੁਰਵੇਦ ਦੇ ਵਿਦਵਾਨਾਂ, ਰਿਸ਼ੀਆਂ-ਮੁਨੀਆਂ ਅਤੇ ਮਹਾਂਪੁਰਸ਼ਾਂ ਦਾ ਤੰਦਰੁਸਤੀ ਲਈ ਸ਼ੁਭ ਉਪਦੇਸ਼ ਹੈ ਕਿ 'ਇਲਾਜ ਨਾਲੋਂ ਪ੍ਰਹੇਜ਼ ਚੰਗਾ।'

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

**ਸੁਰਿੰਦਰ ਸਿੰਘ ਰੁਬੀ 'ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਰੋਜੀ** : ਉਪਰੋਂ ਬੀਬੀ ਦਾਹੜੀ ਤੇ ਵਿਚੋਂ ਕਾਲਾ ਕਾਂ ਵੇ ਸ਼ੰਕਰ ਸਿੰਘ। ਕੰਜਰ ਰੋਜ ਜਣੇ ਖਣੇ ਕੋਲ ਬਾਂ ਬਾਂ ਕਰਦਾ ਸੀ– 'ਵੀਰੋ ਬਦਮਾਸ਼ ਔਰਤ ਏ'। ਬਬਲੀ ਨੇ ਉਹਦੀ ਬੋਲਤੀ ਬੰਦ ਕਰਤੀ। ਇਵੇਂ ਦੀ ਲੜਕੀ ਪੁਲਿਸ ਵਿਚ ਤਾਂ ਚਾਹੀਦੀ ਏ ਨਾ?

**ਸਨਮ** : ਇਹ ਤੁਹਾਡੇ ਘਰ ਦਾ ਮਸਲਾ ਏ। ਉਹਨੂੰ ਭਾਵੇਂ ਪੁਲਿਸ ਵਿਚ ਭਰਤੀ ਕਰਾਓ ਜਾਂ ਫ਼ੌਜ ਵਿਚ।

**ਰੋਜੀ** : ਇੱਕ ਬੰਦਾ ਕਰੌਂਦਾ ਏ ਬਬਲੀ ਨੂੰ ਪੁਲਿਸ ਵਿਚ ਭਰਤੀ। ਚਾਲੀ ਹਾਰ ਵਿਚ ਗੱਲ ਮੁੱਕ ਗਈ ਏ। ਵੀਹ ਹਜ਼ਾਰ ਤਾਂ ਆਪਾਂ 'ਕੱਠਾ ਕਰ ਲਿਐ ਪਰ ਬਾਕੀ ਦੇ ਵੀਹ ਹਜ਼ਾਰ.....
ਸਾਡੀ ਦੌੜ ਤੁਹਾਡੇ ਤੱਕ ਹੀ ਏ।

**ਸਨਮ** : ਮੇਰੇ ਪਾਸ ਤਾਂ ਇੱਕ ਹਜ਼ਾਰ ਵੀ ਨਹੀਂ।

**ਰੋਜੀ** : ਕੀ ਲੈ ਕੇ ਬੈਠੇ ਹੋ ਤੁਸੀਂ?

**ਸਨਮ** : ਮੈਂ ਅਜੇ ਪਿਛਲੇ ਮਹੀਨੇ ਕਿਤਾਬ ਛਪਵਾਈ ਏ, ਮੈਂ ਤਾਂ ਆਪ ਯਾਰਾਂ ਦੋਸਤਾਂ ਦਾ ਤਰਲਾ ਮਾਰ ਕੇ ਪੈਸੇ ਇਕੱਠੇ ਕੀਤੇ।

**ਰੋਜੀ** : ਕਿਤਾਬਾਂ ਵਿਕਣ ਨਾਲ ਆਮਦਨ ਵੀ ਤਾਂ ਹੋਏਗੀ ਹੀ।

**ਸਨਮ** : ਇਹ ਪੈਸੇ ਦਾ ਸੌਦਾ ਨਹੀਂ, ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਏ।

**ਰੋਜੀ** : ਤੇ ਮੈਂ ਕਿਹੜੇ ਮੂੰਹ ਨਾਲ ਘਰ ਜਾਵਾਂ? ਦੀਦੀ ਨੇ ਮੈਨੂੰ ਝਿੜਕਾਂ ਮਾਰਨੀਆਂ ਨੇ, ਕੀ ਪਤੈ ਮੈਨੂੰ ਘਰ ਦੇ ਨਾਟਕਾਂ ਵਿਚ ਕੰਮ ਕਰਨ ਦੇਣ ਜਾਂ ਨਾ।
(ਗੁੱਸੇ ਨਾਲ ਤੇਜ਼ ਤੇਜ਼ ਕਦਮੀਂ ਚਲੀ ਜਾਂਦੀ ਹੈ)

**ਦ੍ਰਿਸ਼ ਤੀਜਾ**

**ਸਥਾਨ** : ਨਾਟਕ ਖੇਡਣ ਵਾਲੀ ਸਟੇਜ।
(ਦੋ ਕਲਾਕਾਰ ਬਿੱਟੂ ਅਤੇ ਦੀਪਕ ਸਟੇਜ 'ਤੇ ਖੜ੍ਹੇ ਹਨ, ਕੋਲ ਹੀ ਸਾਊਂਡ ਵਾਲਾ ਆਦਮੀ ਪਰਦੇਸੀ ਸਟੇਜ ਤੇ ਕੈਚਰ ਲਾ ਰਿਹਾ ਹੈ)

**ਬਿੱਟੂ** : ਇਹਨਾਂ ਨਾਟਕਾਂ ਦਾ ਕੀ ਕਰਨੈਂ?

**ਦੀਪਕ** : ਕੀ ਦਿੰਦੇ ਨੇ ਨਾਟਕ? ਇੱਕ ਪ੍ਰੋਗਰਾਮ ਦਾ ਦੋ ਤਿੰਨ ਸੌ ਹੀ ਮਿਲਦੈ, ਇਹਦੇ ਨਾਲੋਂ ਤਾਂ ਕਿਸੇ ਸਿੰਗਰ ਨਾਲ ਕਮਪੇਰਿੰਗ ਕਰਨ ਲੱਗ ਜਾਂਦੇ, ਪੰਜ ਸੱਤ ਸੌ ਤਾਂ ਵੱਟ 'ਤੇ ਪਿਆ ਹੁੰਦਾ ਤੇ ਨਾਲੇ ਛਕਦੇ ਮੀਟ ਸ਼ਰਾਬਾਂ।

**ਬਿੱਟੂ** : ਕਿਸੇ ਸਿੰਗਰ ਨਾਲ ਨੋਟ 'ਕੱਠੇ ਕਰਨ 'ਤੇ ਲੱਗ ਜਾਂਦੇ ਤਾਂ ਵੀ ਤਿੰਨ ਚਾਰ ਸੌ ਤਾਂ ਪੱਕਾ ਹੁੰਦਾ, ਨਾਲੇ ਖੜਕਦੀ ਗਲਾਸੀ ਤੇ ਗਲਾਸੀ।


**ਦੀਪਕ** : ਇਥੇ ਤਾਂ ਕਿਸੇ ਚਾਹ ਦਾ ਕੱਪ ਨਹੀਂ ਪੁੱਛਣਾ।

**ਪਰਦੇਸੀ** : ਯਾਰ ਕਲਾ ਨਾਲ ਪਿਆਰ ਕਰਨਾ ਚਾਹੀਦੈ, ਪੈਸਾ ਤਾਂ ਆਉਂਦਾ ਜਾਂਦਾ ਏ।

**ਬਿੱਟੂ** : (ਪਰਦੇਸੀ ਨੂੰ) ਤੂੰ ਕੈਚਰ ਬੰਨ੍ਹੀ ਜਾ, ਕਿੰਨਾ ਕੁ ਕੈਚ ਕਰਦੈਂ ਤੂੰ ਇੱਕ ਪ੍ਰੋਗਰਾਮ ਦਾ?

**(ਚਲਦਾ)**

# ਫਲਾਂ ਦੀ ਮਹੱਤਤਾ



ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਨ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ ।

ਤਾਜ਼ੇ ਦੁੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜੇ-ਤੇੜੇ ਦੇ ਇਲਾਕੇ ਜਾਂ ਆਪਣੀ ਗੁਆਂਢੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜੇ-ਤੇੜੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ ।


ਮਹਿੰਦਰ ਸਿੰਘ
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਨਾ ਸੇਵਕ
98144-74535



ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਏਨੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ । ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ੍ਰੇਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੌਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।



# ਕਾਵਿ-ਕਿਆਰੀ



## ਕਵਿਤਾ / ਦੋ ਗੱਲਾਂ ਕਰੀਏ

**ਸੁਰਿੰਦਰ ਮਕਸੂਦਪੁਰੀ**



ਆਓ ਦੋਸਤੋ ! ਦੋ ਗੱਲਾਂ ਕਰੀਏ
'ਕਿਛੁ ਸੁਣੀਐ ਕਿਛੁ ਕਹੀਐ'
ਕੋਈ ਪਾਈਏ ਬਾਤ, ਹੁੰਗਾਰਾ ਭਰੀਏ
ਜੀਵਨ ਚਿੰਤਨ-ਮੰਥਨ ਕਰੀਏ

ਸ਼ਬਦਾਂ ਦੀ ਕੋਈ ਖੇਡ ਖੇਡੀਏ
ਗਿਆਨ ਦੇ ਅੰਬਰੀਂ ਗੇੜਾ ਲਾਈਏ
ਹਰਫ਼ਾਂ ਦੇ ਮੋਤੀ 'ਕੱਠੇ ਕਰਕੇ
ਸ਼ਬਦ-ਮਾਲਾ ਵਿਚ ਸਜਾਈਏ
ਸਾਹਿਤ ਸਮੁੰਦਰ ਕੰਢੇ ਬਹਿ ਕੇ
ਸੱਜਰਾ ਕਾਵਿ-ਸੰਵਾਦ ਰਚਾਈਏ

ਸੱਚ ਜਾਣਿਓ, ਸ਼ਬਦ ਬੋਲਦੇ
ਆਪਣਾ ਤੱਥ-ਸੱਚ ਫਰੋਲਦੇ
ਸਾਂਝੀਵਾਲਤਾ ਦਾ ਹੋਕਾ ਦਿੰਦੇ
ਸਰਬ ਸ੍ਰਿਸ਼ਟੀ ਨੂੰ ਜੋੜਦੇ


ਆਓ ਦੋਸਤੋ ! ਸੁਣੀਏ ਮਾਣੀਏ
ਇਹ ਬੋਲ ਜ਼ਰਾ ਕੁ ਕੰਨ ਧਰ ਕੇ
ਗੁਜ਼ਰ ਨਾ ਜਾਈਏ ਕੋਲੋਂ ਹੀ
ਪਾਣੀ, ਸਮਾਂ ਜਾਂ ਹਵਾ ਬਣ ਕੇ
ਨਹੀਂ ਤਾਂ ਪਊ ਪਛਤਾਉਣਾ ਆਖ਼ਿਰ
'ਮਕਸੂਦਪੁਰੀ' ਸਮਾਂ ਸੁਆਹ ਕਰਕੇ।

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

* * * * *

## ਕਵਿਤਾ/ ਮੌਕੇ ਦੇ ਹਾਕਮ

**ਰਤਨ ਟਾਹਲਵੀ**



ਸੁਣ ਲੈ ਮੌਕੇ ਦੇ ਹਾਕਮ ਤੂੰ,
ਸਾਡੀ ਗੱਲ ਗਰੀਬਾਂ ਦੀ।
ਆਪਣਾ ਹੱਕ ਅਸੀਂ ਲੈ ਕੇ ਰਹਿਣਾ,
ਕੋਈ ਨਹੀਂ ਗੱਲ ਨਸੀਬਾਂ ਦੀ।

ਰੋਟੀ ਖ਼ਾਤਰ ਜਿਸਮ ਵੇਚ ਕੇ ਜੋ ਚਲਾਵਣ ਧੰਦਾ ਏ।
ਉਹੀਓ ਲੋਕੀਂ ਧੰਦੇ ਤਾਈਂ ਆਖਣ ਸਭ ਤੋਂ ਗੰਦਾ ਏ।
ਹਰ ਇੱਕ ਗੱਲ ਵਿਚ ਖੋਟ ਭਾਸਦਾ ਭਾਵੇਂ ਗੱਲ ਗਰੀਬਾਂ ਦੀ।
ਆਪਣਾ ਹੱਕ ਅਸੀਂ ਲੈ ਕੇ ਰਹਿਣਾ ਕੋਈ ਨਹੀਂ ਗੱਲ ਨਸੀਬਾਂ ਦੀ।

ਜੋ ਰੂੜੀ ਤੇ ਚੁਗਣ ਲਿਫਾਫ਼ੇ ਇਹ ਵੀ ਕਿਸੇ ਦੀਆਂ ਜਾਈਆਂ ਨੇ।
ਤਨ 'ਤੇ ਕੱਪੜੇ ਲੀਰਾਂ ਲੀਰਾਂ ਮਨ ਲੀਰਾਂ ਮੁਰਝਾਈਆਂ ਨੇ।
ਨਾ ਕੋਈ ਸਾਰ ਦੂਰ ਦੀ ਲੈਂਦਾ, ਨਾ ਕੋਈ ਕਰੀਬਾਂ ਦੀ।
ਆਪਣਾ ਹੱਕ ਅਸੀਂ ਲੈ ਕੇ ਰਹਿਣਾ ਕੋਈ ਨਹੀਂ ਗੱਲ ਨਸੀਬਾਂ ਦੀ।

ਕੋਰਟ ਕਚਹਿਰੀ ਕੁਝ ਨਹੀਂ ਮਿਲਦਾ, ਹਾਕਮ ਪੈਸੇ ਖਾਂਦੇ ਨੇ।
ਪਹਿਲੀ ਪੇਸ਼ੀ ਛੁੱਟ ਕੇ ਕਾਤਿਲ, ਹੱਸ ਹੱਸ ਘਰ ਨੂੰ ਜਾਂਦੇ ਨੇ।
ਕਾਟ ਨਹੀਂ ਕਰਦੀ ਨਿਰਧਨ ਉੱਤੇ ਕੋਈ ਦਵਾ ਤਬੀਬਾਂ ਦੀ
ਆਪਣਾ ਹੱਕ ਅਸੀਂ ਲੈ ਕੇ ਰਹਿਣਾ ਕੋਈ ਨਹੀਂ ਗੱਲ ਨਸੀਬਾਂ ਦੀ।

'ਰਤਨ' ਵਰਿੰਦਰ ਹਨੇਰਗਰਦੀ, ਝੂਠ ਦਾ ਸਭ ਪਸਾਰਾ ਏ।
ਝੂਠ ਦੇ ਪਿੱਛੇ ਭੱਜਦਾ ਵੇਖਿਆ ਟਾਹਲੀ ਏ ਜੱਗ ਸਾਰਾ ਏ।
ਝੂਠੇ ਕੇਸ ਬਣਾ ਦਿੰਦੇ ਨੇ ਫ਼ੀਮ ਵਰਗੀਆਂ ਚੀਜ਼ਾਂ ਦੀ।
ਆਪਣਾ ਹੱਕ ਅਸੀਂ ਲੈ ਕੇ ਰਹਿਣਾ ਕੋਈ ਨਹੀਂ ਗੱਲ ਨਸੀਬਾਂ ਦੀ।

* * * * *

## ਤੁਰ ਗਿਆ

### (ਇੱਕ ਸ਼ਰਧਾਂਜ਼ਲੀ)



**ਸਵ. ਸਿਕੰਦਰ ਸਿੰਘ ਮਠੌਣ**
**ਪਿੰਡ ਜਲਾਲਪੁਰ,**
**ਜ਼ਿਲ੍ਹਾ ਹੁਸ਼ਿਆਰਪੁਰ**

ਕੀ ਲਿਖਾਂ ਤੇ ਕਿਵੇਂ ਲਿਖਾਂ ਮੈਂ,
ਮੇਰੀ ਸੋਚ ਦਾ ਇੱਕ ਮਨਾਰਾ ਤੁਰ ਗਿਆ,
ਕਿਵੇਂ ਦੇਵਾਂ ਸ਼ਰਧਾਂਜ਼ਲੀ ਉਹਨੂੰ,
ਮੈਨੂੰ ਮਿਲਣੇ ਦਾ ਲਾ ਜੋ ਲਾਰਾ ਤੁਰ ਗਿਆ।

ਸਿਖ਼ਰ ਦੁਪਹਿਰੇ ਮੁੱਖ ਮੋੜ ਕੇ,
ਰੁੱਸ ਸਾਡੇ ਨਾਲ ਭੈੜਾ ਤੁਰ ਗਿਆ,
ਜਿਹਨਾਂ ਰਾਹਾਂ ਤੇ ਸੈਰ ਸੀ ਕਰਦਾ,
ਉਹਨਾਂ ਰਾਹਾਂ ਤੋਂ ਕਰ ਕਿਨਾਰਾ ਤੁਰ ਗਿਆ।

ਰੀਝਾਂ ਨਾਲ ਸੀ ਜਿਹੜਾ ਬਣਾਇਆ,
ਛੱਡ ਉਹ ਮਹਿਲ ਮਨਾਰਾ ਤੁਰ ਗਿਆ,
ਕੁਲਦੀਪ ਕੌਰ ਦਾ ਲਾਲ ਗੋਦੀ ਦਾ,

ਦਰਸ਼ਨ ਸਿੰਘ ਦਾ ਰਾਜ ਦੁਲਾਰਾ ਤੁਰ ਗਿਆ।

ਕਿਵੇਂ ਲਾਵਾਂਗੇ ਫੋਨ ਸਿਕੰਦਰ ਨੂੰ,
ਉਹ ਤਾਂ ਕੱਟ ਕਨੈਕਸ਼ਨ ਸਾਰਾ ਤੁਰ ਗਿਆ,
ਨਾਮ ਮੋਬਾਈਲਾਂ 'ਚ ਓਹਦਾ ਸੇਵ ਰਹਿ ਗਿਆ,
ਉਹ ਸਾਥੋਂ ਛਡਾ ਕੇ ਖਹਿੜਾ ਤੁਰ ਗਿਆ।

ਮਹਿਫਲ ਯਾਰਾਂ ਦੀ ਸੁੰਨੀ ਕਰਕੇ,
ਯਾਰੀ 'ਚ ਪਾ ਕੇ ਪਾੜਾ ਤੁਰ ਗਿਆ,
ਸੋਹਣੀ ਪੱਗ ਸੋਹਣੇ ਕੱਪੜਿਆਂ ਵਾਲਾ,
ਚਿੱਟਾ ਕੱਫਣ ਲਪੇਟ ਕੇ ਮਾੜਾ ਤੁਰ ਗਿਆ।

ਸਭ ਦੀਆਂ ਅੱਖਾਂ ਗਿੱਲੀਆਂ ਕਰਕੇ,
ਸਾਡੇ ਚਾਵਾਂ ਦਾ ਕਰ ਉਜਾੜਾ ਤੁਰ ਗਿਆ,
ਕਿਹੜੀ ਭੀੜ 'ਚ ਲੱਭਾਂਗੇ ਓਹ.....

**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
+919906381482



● ● ●

## ਲੋਕ ਤੱਥ

**ਜਸਮੀਤ ਕੌਰ**

1. ਜ਼ਿੰਦਗੀ ਦੀ ਹਰ ਸਵੇਰ ਕੁਝ ਸ਼ਰਤਾਂ ਲੈ ਕੇ ਆਉਂਦੀ ਹੈ ਅਤੇ ਜ਼ਿੰਦਗੀ ਦੀ ਹਰ ਸ਼ਾਮ ਕੁਝ ਤਜ਼ਰਬੇ ਦੇ ਕੇ ਜਾਂਦੀ ਹੈ।
2. ਬੁਢਾਪੇ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ, ਕਿਉਂਕਿ ਕਈਆਂ ਨੂੰ ਬੁੱਢੇ ਹੋਣ ਦਾ ਮੌਕਾ ਨਹੀਂ ਮਿਲਦਾ।
3. ਅੱਜ ਰੋਟੀ ਦੇ ਪਿੱਛੇ ਭੱਜਦਾ ਹਾਂ ਤਾਂ ਯਾਦ ਆਉਂਦਾ ਹੈ, ਕਿ ਮੈਨੂੰ ਰੋਟੀ ਖਿਲਾਉਣ ਵਾਸਤੇ ਕਦੀ ਮਾਂ ਵੀ ਮੇਰੇ ਪਿੱਛੇ ਭੱਜਦੀ ਸੀ।
4. ਦੁਸ਼ਮਣ ਬਣਾਉਣ ਲਈ ਜ਼ਰੂਰੀ ਨਹੀਂ ਕਿ ਲੜਿਆ ਜਾਵੇ, ਬਸ ਥੋੜ੍ਹੇ ਜਿਹੇ ਕਾਮਯਾਬ ਹੋ ਜਾਓ ਦੁਸ਼ਮਣ ਤਾਂ ਖੈਰਾਤ ਵਿੱਚ ਮਿਲਣਗੇ।
5. ਲਾਹਨਤ ਹੈ ਉਨ੍ਹਾਂ 'ਤੇ ਜੋ ਸਾਧਾਂ ਨੂੰ ਪਿਤਾ ਜੀ ਅਤੇ ਰੱਬ ਵਰਗੇ ਪਿਉ ਨੂੰ ਬੁੜ੍ਹਾ ਕਹਿ ਕੇ ਬੁਲਾਉਂਦੇ ਹਨ।
6. ਜੇ ਤੂੰ ਬਚਣਾ ਹੈ ਤਾਂ ਆਪਣਿਆਂ ਤੋਂ ਬਚ, ਇਹ ਨਾ ਸੋਚ ਲੋਕੀਂ ਕੀ ਕਹਿਣਗੇ, ਸੱਚ ਜਾਣੀ ਤੈਨੂੰ ਉਜੜਦਾ ਦੇਖ ਕੇ ਸਵਾਦ ਤੇਰੇ ਆਪਣੇ ਹੀ ਲੈਣਗੇ।
7. ਏਡੀਆਂ ਗੂੜੀਆਂ ਛਾਵਾਂ ਜੱਗ 'ਤੇ ਲੱਭਦੀਆਂ ਨਹੀਂ, ਜੇ ਇੱਕ ਵਾਰ ਤੁਰ ਜਾਣਾ ਤਾਂ ਮਾਵਾਂ ਲੱਭਦੀਆਂ ਨਹੀਂ।
8. ਜੇਕਰ ਤੁਸੀਂ ਗੁੱਸੇ ਵਾਲੇ ਤੇ ਹੰਕਾਰੀ ਹੋ ਤਾਂ ਤੁਹਾਨੂੰ ਦੁਸ਼ਮਣਾਂ ਦੀ ਲੋੜ ਨਹੀਂ, ਤੁਹਾਨੂੰ ਬਰਬਾਦ ਕਰਨ ਲਈ ਇਹ ਦੋ ਗੁਣ ਕਾਫੀ ਹਨ।
9. ਆਪਣਾ ਹੋਵੇ ਤਾਂ ਸ਼ੀਸ਼ੇ ਵਰਗਾ ਜਿਹੜਾ ਹੱਸੇ ਵੀ ਨਾਲ ਤੇ ਰੋਵੇ ਵੀ ਨਾਲ।
10. ਕਿਵੇਂ ਦੇ ਲੋਕ ਨੇ ਨਾ ਸਿੱਧੀ 'ਨਾਂਹ' ਬੋਲਦੇ ਨੇ ਨਾ ਸਿੱਧੀ 'ਹਾਂ' ਬੋਲਦੇ ਨੇ ਪਰ ਜਿਥੇ ਫਾਇਦਾ ਹੋਵੇ ਉਥੇ ਮਿੱਠੀ ਜੁਬਾਨ ਬੋਲਦੇ ਨੇ।
11. ਮੁਸੀਬਤ ਵੇਲੇ ਇਹ ਨਾ ਸੋਚੋ ਕਿ ਹੁਣ ਕੌਣ ਕੰਮ ਆਵੇਗਾ ਬਲਕਿ ਇਹ ਸੋਚੋ ਕਿ ਹੁਣ ਕੌਣ ਛੱਡ ਕੇ ਜਾਵੇਗਾ?
12. ਸੈਲੂਨ ਤੇ ਬਿਊਟੀ ਪਾਰਲਰਾਂ ਦੀ ਬਹੁਤਾਤ ਹੋ ਗਈ ਹੁਣ ਲਾਇਬ੍ਰੇਰੀਆਂ ਦੀ ਬਜਾਏ, ਕਿਉਂਕਿ ਅੱਜ ਕੱਲ੍ਹ ਲੋਕ ਅਕਲਾਂ ਦੀ ਬਜਾਏ ਸ਼ਕਲਾਂ ਨੂੰ ਤਰਜ਼ੀਹ ਦਿੰਦੇ ਹਨ।

**ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।**

# खेलों की आवश्यकता और महत्त्व





मानव-जीवन को सुखी एवं स्वस्थ बनाए रखने के लिए खेलों का जीवन में उतना ही महत्त्वहै, जितना कि संतुलित भोजन, पढ़ने-लिखने और साँस लेने का है। स्वस्थ्य शरीर में ही स्वस्थ मन-मस्तिष्क और आत्मा का निवास होता है। उनके सभी का विकास करके ही मनुष्य अपने संपूर्ण जीवन का विकास कर सकता है।

सबसे पहले खेल के लिए शरीर को स्वस्थ रखना बहुत ही आवश्यक है, क्योंकि स्वस्थ शरीर वाला ही धर्म-कर्म, पठन-पाठन तथा अन्य सभी कुछ कर पाने में समर्थ होता है। मन-मस्तिष्क और शरीर से स्वस्थ भक्ति ही जीवन के विकास के लिए छोटे-बड़ा या महत्त्वपूर्ण कार्य कर पाने में समर्थ हो सकता है। कार्य-शक्ति को बढ़ाने के लिए मनोरंजन भी बहुत आवश्यक होता है। सभी जानते हैं कि स्वस्थ ढंग के खेल-कूद मनोरंजन के भी बहुत अच्छे साधन है। प्रसन्न मन ही बेकार के राग-द्वेषों से ऊपर उठकर सत्कार्य कर सकता है। निरंतर काम थकान को मिटाकर मनोरंजन द्वारा तन-मन-मस्तिष्क सभी को हरा बना देते हैं। मन में नए उत्साह का संचार करते हैं। यही कारण है कि समर्थ लोग किसी-न-किसी कार्य के लिए समय अवश्य निकाल लेते हैं।

इसलिए जो छात्र जीवन में हर तरह से सफल होना चाहता है, उसे शिक्षा और खेलों में उचित तालमेल बनाए रखना चाहिए। आज एक पढ़ा-लिखा व्यक्ति खेलों को जीविका का अच्छा साधन बना सकता है, लेकिन शरीर को सही संतुलन दे सकने वाला खेल ही सर्वश्रेष्ठ है, इसमें संदेह नहीं।

**मनविंदर कौर**







# MATRIMONIAL



**SEEKING MATCH FOR SIKH LOBANA GIRL STATE/CENTER GOVT. EMPLOYEE, B.A. L.L.B., APRIL 1997, 5'-5", WORKING AS LEGAL ASSISTANT, PUNJAB GOVT. AT CHANDIGARH. CONTACT: 98139-24411**

* * * * *

**SEEKING HANDSOME (MUST BE GRADUATED IN MBBS DEGREE) MATCH FOR BEAUTIFUL SIKH LOBANA GIRL, BORN IN 2000, COMPLETED MBBS IN 2023. HEIGHT 5'6", FATHER & MOTHER DOING GOVT. JOB. BROTHER IS A DOCTOR. CONTACT -76529-03129**

* * * * *

**LOOKING FOR PROFESSIONALLY QUALIFIED, PREFERABLY AMRITDHARI GIRL FOR GURSIKH-AMRITDHARI LUBANA BOY, DOB-23.08.1993(29 YRS) HEIGHT –6'6", QULIFICATIONS – B. TECH (COMPUTER SCIENCE) GRADUATE DIPLOMA IN APPLIED MANAGEMENT WELL EDUCATED, PROFESSION – WORKING AS DATA REPORTINGANALYST WITH AUCKLAND DISTRICT HEALTHBOARD, AUCKLAND-NEW ZEALAND, ANNUAL PACKAGE -NZ$1..03 LACS (RS.50 LACS). FAMILY – FATHER BANK MANAGER, MOTHER HOMEMAKER AND YOUNGER BROTHER UNMARRIED – WORKING ABROAD IN MNC, OWN HOUSE IN DELHI. CASTE NO BAR. CONTACT - 98710-96789**

* * * * *

**SEEKING MATCH FOR 21.03.1993 BORN, LUBANA SIKH BOY, HEIGHT 5'8", MECHANICAL ENGINEER, WORKING IN BYJU AS A MATHS FACULTY, FAMILY FATHER EX SUB MAJ./ HONY LT DOING JOB IN GARRISON ENGINEER CHANDIGARH AS CIVILIAN JEE/M, MOTHER HOUSE WIFE, TWO SISTERS ONE MARRIED TO ARMY OFFICER & ONE DAUGTER COMPLETING GRADUATION AND PREPARING FOR UPSC EXAM, VILL. CHAL CHAO (GURDASPUR) HAVING AGRICULURE LAND TUBE WELL N KOTHI, HOUSES GIVEN ON RENT. PRESENT RESIDENCE AT AEROCITY, MOHALI. CONTACT – 84002-87490**

* * * * *

**SUITABLE MATCH FOR LUBANA SIKH BOY 97 BORN/6 FT, B. TECH + MBA (11M), WORKING AT MNC& HANDSOME SALARY. PARENTS RETIRED FROM GOVT. SECTOR. AMBALA CANTT CONTACT-94665-04766**

* * * * *

**LUBANA SIKH BOY DEC'92, 5.11FT. BE MBA, SR. MANAGER MNC DELHI, REQUIRED QUALIFIED. WORKING GIRL CAST NO BAR. 9417145424, 8360907886**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਮਈ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ. ਗੁਰਮੀਤ ਸਿੰਘ<br>ਪਿੰਡ ਦਬੁਰਜੀ, ਮਿਆਨੀ, ਹੁਸ਼ਿਆਰਪੁਰ। | 543 | 5,000/- | 07.05.2025 |
| 2. | ਸ. ਸੁਖਜਿੰਦਰ ਸਿੰਘ<br>ਪਿੰਡ ਸਨੌਰ, ਨਜ਼ਦੀਕ ਭੋਗਪੁਰ, ਜਲੰਧਰ। | 557 | 5,000/- | 15.05.2025 |
| 3. | ਇੰਜ ਭਗਵਾਨ ਸਿੰਘ ਲੁਬਾਣਾ, ਪ੍ਰਧਾਨ<br>ਮ. ਨੰ: 187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ। | 558 | 5,000/- | 27.05.2025 |
| 4. | ਕਰਨਲ ਗੁਰਦੀਪ ਸਿੰਘ (ਰਿਟਾ.)<br>ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | 544 | 500/- | 14.05.2025 |
| 5. | ਸ. ਰਵਿੰਦਰ ਸਿੰਘ<br>ਗੁਰੂ ਘਰ ਮੁੱਖ ਸੇਵਾਦਾਰ,<br>ਮ. ਨੰ.2 092, ਸੈਕਟਰ-45ਸੀ, ਚੰਡੀਗੜ੍ਹ। | 545 | 200/- | 14.05.2025 |
| 6. | ਇੰਜ. ਹਰਦੇਵ ਸਿੰਘ<br>ਮ. ਨੰ. 1747, ਫ਼ੇਸ-7, ਐਸ.ਏ.ਐਸ. ਨਗਰ, ਮੋਹਾਲੀ। | 546 | 200/- | 14.05.2025 |
| 7. | ਸ. ਜਗੀਰ ਸਿੰਘ<br>ਮ. ਨੰ. 2258/2, ਸੈਕਟਰ-45ਸੀ, ਚੰਡੀਗੜ੍ਹ। | 547 | 200/- | 14.05.2025 |
| 8. | ਸ. ਸੁਰਿੰਦਰ ਸਿੰਘ<br>ਮ. ਨੰ. 3040, ਸੈਕਟਰ-47ਡੀ, ਚੰਡੀਗੜ੍ਹ। | 548 | 200/- | 14.05.2025 |
| 9. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵੀ.ਪੀ. (ਹੈ.ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 549 | 200/- | 14.05.2025 |
| 10. | ਬੀਬੀ ਨਰਿੰਦਰ ਕੌਰ<br>ਮ. ਨੰ. 326/2, ਸੈਕਟਰ-38ਏ, ਚੰਡੀਗੜ੍ਹ। | 550 | 200/- | 14.05.2025 |
| 11. | ਸ. ਹਰਦਿਆਲ ਸਿੰਘ ਘੋਤੜਾ<br>ਮ. ਨੰ. 11, ਸੰਗਮ ਐਨਕਲੇਵ, ਸੈਕਟਰ-48ਏ, ਚੰਡੀਗੜ੍ਹ। | 551 | 200/- | 14.05.2025 |
| 12. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਸ ਸਕੱਤਰ, 18-ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 552 | 200/- | 14.05.2025 |
| 13. | ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ<br>ਮ. ਨੰ: 2354, ਫ਼ੇਸ-10, ਮੋਹਾਲੀ। | 553 | 200/- | 14.05.2025 |

| | | | | |
|---|---|---|---|---|
| 14. | ਸ਼੍ਰੀਮਤੀ ਬਖ਼ਸ਼ੀਸ਼ ਕੌਰ<br>ਮ. ਨੰ: 1239, ਸੈਕਟਰ-23ਬੀ, ਚੰਡੀਗੜ੍ਹ। | 554 | 100/- | 14.05.2025 |
| 15. | ਸ. ਇੰਦਰਜੀਤ ਸਿੰਘ<br>ਮ. ਨੰ. 415, ਸੈਕਟਰ-100, ਮੋਹਾਲੀ। | 555 | 200/- | 14.05.2025 |
| 16. | ਸ. ਲਖਵਿੰਦਰ ਸਿੰਘ<br>ਪੰਜਾਬ ਪੁਲਿਸ ਹੈਡਕੁਆਟਰ, ਨਯਾਗਾਂਓ। | 556 | 100/- | 14.05.2025 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

**ਜੇ ਕਾਲ ਅਨਾਜ ਦਾ ਪੈ ਜਾਵੇ ਤਾਂ ਮਨੁੱਖ ਮਰਦਾ ਹੈ, ਜੇਕਰ ਕਦਰਾਂ-ਕੀਮਤਾਂ ਦਾ ਕਾਲ ਪੈ ਜਾਵੇ ਤਾਂ ਮਨੁੱਖਤਾ ਮਰਦੀ ਹੈ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

ਸਿੱਖ ਪੰਥ ਦੀ ਸਿਰਮੌਰ ਸ਼ਖ਼ਸ਼ੀਅਤ, ਵਿੱਦਿਆ ਦੇ ਦਾਨੀ, ਸਮਾਜ ਸੁਧਾਰਕ ਅਤੇ ਬੇਦਾਗ਼ ਰਾਜਨੀਤਿਕ ਸ਼ਖ਼ਸ਼ੀਅਤ

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 75ਵੀਂ ਬਰਸੀ

ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਮਿਤੀ 21-06-2025

ਦਿਨ ਸ਼ਨੀਵਾਰ ਨੂੰ ਬੜੀ ਸ਼ਰਧਾ ਪੂਰਵਕ ਮਨਾਈ ਜਾਵੇਗੀ

